ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 2| Apr.-June 2026
ISSN: 2583-9446 (O)
Paper Id: ARMN040217
Available online at: www.armaan.org.in
DOI: https://doi.org/10.64119/armaan.vol.4.issue2.17

# ਸਰੂਪ ਸਿਆਲਵੀ ਦੀ ਕਥਾ ਸੰਵੇਦਨਾ (ਉੱਤਰ-ਆਧੁਨਿਕਤਾ ਦੇ ਸੰਦਰਭ ਵਿਚ)

# Sroop Syalvi Di Katha Sanvedna (Uttar Adhunikta De Sandarbh Vich)

**ਡਾ. ਸੰਦੀਪ ਕੌਰ (Dr. Sandeep Kaur)**
ਸਹਾਇਕ ਪ੍ਰੋਫ਼ੈਸਰ ਪੰਜਾਬੀ (Assistant Professor, Punjabi)
ਡੀ.ਏ.ਵੀ.ਕਾਲਜ, ਅੰਮ੍ਰਿਤਸਰ (ਪੰਜਾਬ)-143001
Email ID: sandeepnoordi@gmail.com

*ਸਾਰ (Abstract)*

*ਉੱਤਰ-ਆਧੁਨਿਕਤਾ ਆਧੁਨਿਕਤਾ ਦੀ ਆੜ ਵਿਚ ਆਪਣੀ ਉੱਚਤਤਾ ਦੀ ਬਰਕਰਾਰੀ ਲਈ ਸਥਾਪਿਤ ਹੋਈਆਂ ਪਰੰਪਰਿਕ ਧਾਰਨਾਵਾਂ, ਪਰਮ ਬਿਰਤਾਂਤਾਂ, ਵਿਸ਼ੇਸ਼ ਸਮੂਹਾਂ, ਸੱਭਿਆਚਾਰਾਂ, ਭਾਸ਼ਾਵਾਂ, ਖ਼ਿੱਤਿਆ ਆਦਿ ਦੇ ਵਿਰੋਧ ਅਤੇ ਲਘੂ-ਬਿਰਤਾਂਤਾਂ ਅਣਗੌਲੇ ਸਮੂਹਾਂ, ਸਥਾਨਕ ਸੱਭਿਆਚਾਰਾਂ, ਭਾਸ਼ਾਵਾਂ ਖ਼ਿੱਤਿਆਂ ਆਦਿ ਦੇ ਹੱਕ ਵਿਚ ਸਥਾਨਕਤਾ, ਵਿਕੇਂਦਰੀਕਰਨ ਅਤੇ ਵੱਖਰਤਾ ਦੀ ਗੱਲ ਕਰਦੀ ਹੈ। ਮਹਾਂ-ਬਿਰਤਾਂਤਾਂ ਦੁਆਰਾ ਜਿਹੜੇ ਲਘੂ-ਬਿਰਤਾਂਤਾਂ ਉੱਪਰ ਹਮੇਸ਼ਾਂ ਇਕਰੂਪਤਾ ਦੀ ਧਾਰਨਾ ਥੋਪੀ ਗਈ ਹੈ। ਉਹਨਾਂ ਲਘੂ-ਬਿਰਤਾਂਤਾਂ ਵਿਚ ਵਿਸ਼ਵੀ ਗਿਆਨ ਹੋਣ ਨਾਲ ਆਪਣੀ ਵੱਖਰੀ ਹੋਂਦ ਕਾਇਮ ਹੈ। ਹਰੇਕ ਲਘੂ-ਬਿਰਤਾਂਤ ਦੀ ਆਪਣੀ ਵਿਆਖਿਆ, ਲੱਛਣ ਤੇ ਗੁਣ ਹੈ। ਜੋ ਉਹਨਾਂ ਦੀ ਸਥਾਨਕਤਾ ਵਿਚ ਨਿਹਿਤ ਹੈ। ਉੱਤਰ-ਆਧੁਨਿਕਤਾ ਇਹਨਾਂ ਹਾਸ਼ੀਆਗਤ ਧਿਰਾਂ ਨੂੰ ਆਪਣੀ ਹੋਂਦ ਤੋਂ ਜਾਣੂ ਕਰਾਉਂਦੀ ਹੈ। ਸਰੂਪ ਸਿਆਲਵੀ ਨੇ ਆਪਣੀਆਂ ਕਹਾਣੀਆਂ ਰਾਹੀਂ ਮੁੱਖ ਸਮੂਹਾਂ ਦੁਆਰਾ ਛੋਟੇ ਸਮੂਹਾਂ ਦੇ ਗੌਰਵਸ਼ਾਲੀ ਇਤਿਹਾਸਕ ਨਾਇਕਾਂ ਨੂੰ ਆਪਣੀ ਇਕਰੂਪਤਾ ਨਾਲ ਦਬਾਅ ਕੇ ਰੱਖਿਆ ਹੈ। ਕਹਾਣੀਕਾਰ ਆਪਣੇ ਕਥਾ ਬਿਰਤਾਂਤ ਰਾਹੀਂ ਇਹਨਾਂ ਅਣਗੌਲੇ ਸਮੂਹਾਂ ਨੂੰ ਉਭਾਰ ਕੇ ਅਲੱਗ ਹੋਂਦ ਵਜੋਂ ਵਿਕਸਿਤ ਕਰਕੇ ਵਿਚਾਰਧਾਰਾਈ ਸਿਰਜਣਾ ਕਰ ਰਿਹਾ ਹੈ।*

***ਕੀਵਰਡ (Keyword):*** *ਪਰਮ-ਬਿਰਤਾਂਤ, ਵਿਕੇਂਦਰੀਕਰਨ, ਸਥਾਨਕਤਾ, ਪੈਰਾਲੌਜੀ, ਸੱਭਿਆਚਾਰਕ ਅਵਚੇਤਨ, ਲੋਕਾਇਤਵਾਦ, ਨਾਰੀ ਸਸ਼ਕਤੀਕਰਨ।*

ਉੱਤਰ-ਆਧੁਨਿਕ ਅੰਤਰ ਦ੍ਰਿਸ਼ਟੀ ਦਾ ਵਿਕਾਸ ਆਧੁਨਿਕਤਾ ਦੀਆਂ ਪੂਰਵਲੀਆਂ ਧਾਰਨਾਵਾਂ ਉੱਪਰ ਕਿੰਤੂ ਵਜੋਂ ਹੋਇਆ ਹੈ ਕਿਉਂਕਿ ਆਧੁਨਿਕਤਾਵਾਦ ਦੇ ਤਰਕ ਆਦਰਸ਼ਾਂ ਨੇ ਆਧੁਨਿਕ ਮਨੁੱਖ ਦੀ ਆਜ਼ਾਦੀ ਲਈ ਕਈ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ ਸਨ। ਹੁਣ ਇਹ ਮਨੁੱਖ ਇਸ ਤੋਂ ਆਜ਼ਾਦੀ ਪਾਉਣਾ ਚਾਹੁੰਦਾ ਸੀ। 17ਵੀਂ-18ਵੀਂ ਸਦੀ ਵਿਚ ਜਾਗਰੂਕਤਾ/ਗਿਆਨ (Enlightenment) ਆਉਣ ਨਾਲ ਮਨੁੱਖ ਤਰਕ ਤੇ ਤੱਥਾਂ ਦੇ ਆਧਾਰ 'ਤੇ ਸੱਚ ਨੂੰ ਜਾਣਨ ਲੱਗ ਪਿਆ ਸੀ ਪਰ ਇਸਦੇ ਨਾਲ ਹੀ ਇਸਨੂੰ ਅੰਤਿਮ ਸੱਚ ਵੀ ਮੰਨਣ ਲੱਗ ਪਿਆ ਸੀ। ਇਸਦੇ ਅਲੋਚਕਾਂ ਦਾ ਮੰਨਣਾ ਹੈ ਕਿ ਕਿਸੇ ਇਕ ਪ੍ਰਵਚਨ ਜਾਂ ਬਿਰਤਾਂਤ ਨੂੰ ਸੋਚ ਅਤੇ ਅਨੁਭਵ ਦੇ ਪੱਖ ਤੋਂ ਇਕ ਤੋਂ ਵੱਧ ਤਰੀਕਿਆਂ ਨਾਲ ਵਾਚਿਆ ਜਾ ਸਕਦਾ ਹੈ। ਇਹਨਾਂ ਵਿਚੋਂ ਫਰੈਡਰਿਕ ਨੀਤਸ਼ੇ ਪਹਿਲਾ ਦਾਰਸ਼ਨਿਕ ਸੀ ਜਿਸਨੇ ਜਾਗਰੂਕਤਾ/ਗਿਆਨ (Enlightenment) ਦੀ ਆਲੋਚਨਾ ਕੀਤੀ। ਦੈਰਿਦਾ ਦੇ 'ਡਿਫਰੈਂਸ' ਵਾਂਗ ਹੀ ਮਹਾਨ ਚਿੰਤਕ ਯਾਂ ਫਰਾਂਕੋਇ ਲਿਓਤਾਰਦੇ ਨੇ ਵੀ ਪਰਮ-ਬਿਰਤਾਂਤਾਂ ਦੀ ਕਮਜ਼ੋਰ ਕੌਮਾਂ, ਵਰਗਾਂ ਆਦਿ ਨੂੰ ਦਬਾਉਣ ਦੀ ਪ੍ਰਵਿਰਤੀ ਦਾ ਵਿਰੋਧ ਕੀਤਾ ਹੈ। ਘੱਟ ਗਿਣਤੀਆਂ ਦੇ ਅਨੁਭਵਾਂ ਨੂੰ ਵਿਸ਼ੇਸ਼ ਵਰਗਾਂ ਦੀ ਸਥਾਪਿਤ ਨਿਸ਼ਚਿਤਤਾਵਾਦੀ, ਸਮੁੱਚਤਾ ਅਤੇ ਏਕੀਕਰਣ ਵਰਗੇ ਪ੍ਰਵਚਨਾਂ ਨਾਲ ਦਬਾ ਦਿੱਤਾ ਜਾਂਦਾ ਹੈ। ਲਿਓਤਾਰਦੇ ਇਹਨਾਂ ਘੱਟ-ਗਿਣਤੀਆਂ ਦੇ ਵੱਖਰੇ ਅਨੁਭਵਾਂ ਨੂੰ ਹਲੂਣ ਕੇ ਉਹਨਾਂ ਨੂੰ ਆਪਣੀ ਹੋਂਦ ਤੋਂ ਜਾਣੂ ਕਰਵਾਉਣਾ ਚਾਹੁੰਦਾ ਹੈ। ਪ੍ਰਸਿੱਧ ਚਿੰਤਕ ਨੀਤਸ਼ੇ ਦਾ ਮੰਨਣਾ ਹੈ ਕਿ ਗਿਆਨ ਮਨੁੱਖ ਦੁਆਰਾ ਘੜਿਆ ਗਿਆ ਹੈ ਅਤੇ ਸੱਚ ਵੀ ਤੱਥਾਂ ਦਾ ਸਮੂਹ ਨਾ ਹੋ ਕੇ ਭਾਸ਼ਾ ਦੀ ਪ੍ਰਕਾਰਜੀ ਇਕਾਈ ਹੀ ਹੈ।

> *"ਪੱਛਮੀ ਦਰਸ਼ਨ ਦੀ ਸਮੁੱਚੀ ਪਰੰਪਰਾ ਨੂੰ ਨਿਰੰਕੁਸ਼ ਸੰਰਚਨਾਵਾਂ ਦੀ ਸਵੈ-ਇੱਛਤ ਜ਼ਾਇਜ਼ਤਾ 'ਚੋਂ ਢੂੰਡਿਆ ਜਾ ਸਕਦਾ ਹੈ. . . ਚੰਗੇ ਅਤੇ ਬੁਰੇ ਵਿਚਲੇ ਦੁਵੱਲੇ ਵਿਰੋਧਾਂ ਦਾ ਬੁਨਿਆਦੀ ਉਦੇਸ਼ ਸਮਾਜ ਦੇ ਇੱਕ ਵਿਸ਼ੇਸ਼ ਗਰੀਕ, ਕੁਲੀਨ ਲੋਕਾਂ ਦੇ ਵਰਗ ਅਤੇ ਛਾਂਟੀ ਕੀਤੇ ਦੂਸਰਿਆਂ ਔਰਤਾਂ, ਦਾਸਾਂ, ਤੇ ਜਾਂਗਲੀਆਂ ਵਿਚਕਾਰ ਕੀਤੀ ਦੁਵੰਡ ਨੂੰ ਜ਼ਾਇਜ਼ ਅਤੇ ਚਿਰਸਥਾਈ ਬਣਾਉਣ ਵਾਸਤੇ ਸੀ। ਇਹ ਦੁਵੰਡ ਇਸ ਸਥਿਤੀ ਨੂੰ ਕੁਦਰਤੀ ਅਤੇ ਤਾਰਕਿਕ ਦਿੱਖ ਪ੍ਰਦਾਨ ਕਰਦੀ ਹੋਈ ਉਚਿਤ ਠਹਿਰਾਉਂਦੀ ਸੀ।"* [1]

ਸੋ ਆਧੁਨਿਕਤਾ ਦਾ ਸਾਰਾ ਵਰਤਾਰਾ ਮਹਾਂ-ਬਿਰਤਾਂਤਾਂ ਦੀ ਸਦੀਵੀ ਤੇ ਸਥਿਰ ਸਥਾਪਤੀ ਦੀ ਟੇਕ ਨਾਲ ਜੁੜਿਆ ਹੋਇਆ ਸੀ।

ਪੰਜਾਬੀ ਸਾਹਿਤ ਵੀ ਪਰਮ ਬਿਰਤਾਂਤਾਂ ਵੱਲੋਂ ਲਘੂ-ਬਿਰਤਾਂਤਾਂ ਨੂੰ ਅਣਗੌਲਿਆਂ ਕਰਨ ਦੀ ਚਰਚਾ ਛੇੜਦਾ ਹੈ। ਜਿਸ ਅਧੀਨ ਸਮਕਾਲੀ ਪੰਜਾਬੀ ਕਹਾਣੀ ਹਾਸ਼ੀਆਗਤ ਧਿਰਾਂ, ਭਾਸ਼ਾ, ਸੱਭਿਆਚਾਰ, ਖ਼ਿੱਤਿਆਂ, ਕੌਮਾਂ ਆਦਿ ਵਿਚ ਉੱਤਰ-ਆਧੁਨਿਕਤਾ ਅਧੀਨ ਹਾਸ਼ੀਏ ਤੋਂ ਕੇਂਦਰ ਵੱਲ ਆਉਣ ਦੇ ਰੁਝਾਨ ਨੂੰ ਪੇਸ਼ ਕਰ ਰਹੀ ਹੈ। ਇਸ ਖੋਜ ਪੱਤਰ ਵਿਚ ਚੌਥੀ ਪੀੜ੍ਹੀ ਦੇ ਕਹਾਣੀਕਾਰ ਸਰੂਪ

 Received: 08 May 2026 Accepted: 31 May 2026 Published: 05 June 2026

ਸਿਆਲਵੀ ਦੇ ਕਥਾ–ਬਿਰਤਾਂਤ ਨੂੰ ਅਧਾਰ ਬਣਾਇਆ ਗਿਆ ਹੈ। ਸਰੂਪ ਸਿਆਲਵੀ 21ਵੀਂ ਸਦੀ ਦੇ ਕਹਾਣੀਕਾਰਾਂ ਵਿਚੋਂ ਇਕ ਅਜਿਹਾ ਉੱਭਰਦਾ ਨਾਂ ਹੈ ਜਿਸ ਨੇ ਲਗਭਗ ਦੋ ਦਹਾਕੇ ਤੋਂ ਪੰਜਾਬੀ ਕਹਾਣੀ ਰਾਹੀਂ ਭਾਰਤੀ ਸਮਾਜਿਕ ਵਿਵਸਥਾ ਅਧੀਨ ਦੱਬੇ-ਕੁਚਲੇ ਮਨੁੱਖ ਦੀ ਆਵਾਜ਼ ਨੂੰ ਬਿਰਤਾਂਤਕ ਰੂਪ ਦਿੱਤਾ ਹੈ। ਕਹਾਣੀਕਾਰ ਦੇ ਸੱਤ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ – 'ਪਿੰਡ ਅਜੇ ਜਿਉਂਦਾ ਹੈ' (2001), 'ਨ੍ਹੇਰੇ ਦੇ ਵਾਸੀ' (2009), 'ਕਾਲ ਕਾਲਾਂਤਰ' (2011), 'ਚਾਰ ਤੱਤ ਦਾ ਪੁਤਲਾ' (2016), 'ਜੇਲ੍ਹ ਭਰੋ ਅੰਦੋਲਨ' (2017), 'ਚੀਰ ਹਰਨ' (2019), ਅਤੇ 'ਨਾਂਗੇਲੀ' (2023)। ਇਸ ਤੋਂ ਇਲਾਵਾ ਇਕ ਕਾਵਿ-ਸੰਗ੍ਰਹਿ 'ਯਾਦ ਕਰੋ ਉਸ ਵੇਲੇ ਨੂੰ' ਅਤੇ ਸਵੈ-ਜੀਵਨੀ 'ਜਲਾਲਤ' (2013) ਦੀ ਸਿਰਜਣਾ ਵੀ ਕੀਤੀ ਹੈ। ਕਹਾਣੀਕਾਰ ਦੀਆਂ ਕਹਾਣੀਆਂ ਪੁਆਧ ਦੇ ਖੇਤਰ ਦੇ ਸਮਾਜਿਕ ਯਥਾਰਥ ਨੂੰ ਪੇਸ਼ ਕਰਦੀਆਂ ਹਨ। ਇਸ ਯਥਾਰਥ ਉੱਪਰ ਇਤਿਹਾਸ ਤੇ ਦਰਸ਼ਨ ਦੀ ਪਰਤ ਚੜ੍ਹੀ ਹੋਈ ਹੈ। ਉਹ ਆਪਣੀ ਕਹਾਣੀ ਰਾਹੀਂ ਇਤਿਹਾਸ ਅਤੇ ਮਿਥਿਹਾਸ ਦੇ ਨਾਲ-ਨਾਲ ਦਲਿਤਾਂ ਦੀ ਅਜੋਕੀ ਅਵਸਥਾ ਦੇ ਕਾਰਨਾਂ ਨੂੰ ਇਤਿਹਾਸ ਵਿਚੋਂ ਫਰੋਲਦਾ ਹੈ। ਉਸਦੀ ਕਹਾਣੀ ਬ੍ਰਾਹਮਣਵਾਦੀ ਢਾਂਚੇ ਨਾਲ ਸੰਵਾਦ ਰਚਾਉਂਦੀ ਹੋਈ ਇਸ ਦੇ ਖ਼ੌਫ਼ ਵਿਚੋਂ ਪੈਦਾ ਹੋਈ ਲਾਚਾਰੀ ਅਤੇ ਵਿਰੋਧ ਨੂੰ ਉਜਾਗਰ ਤਾਂ ਕਰਦੀ ਹੀ ਹੈ, ਸਗੋਂ ਭਾਰਤੀ ਸਮਾਜਿਕ ਪ੍ਰਬੰਧਾਂ ਵਿਚ ਮਿੱਥਾਂ ਦਾ ਭੰਜਨ ਕਰਦੀ ਹੋਈ ਬ੍ਰਾਹਮਣਵਾਦੀ ਦਰਸ਼ਨ ਦੁਆਰਾ ਸਥਾਪਿਤ ਧਾਰਨਾਵਾਂ ਉੱਪਰ ਪ੍ਰਸ਼ਨ ਵੀ ਕਰਦੀ ਹੈ। ਇਸ ਖੋਜ ਪੱਤਰ ਵਿਚ ਕਹਾਣੀਕਾਰ ਦੀਆਂ ਕਹਾਣੀਆਂ ਨੂੰ ਉੱਤਰ-ਆਧੁਨਿਕ ਪਰਿਪੇਖ ਅਧੀਨ ਵਿਚਾਰਿਆ ਗਿਆ ਹੈ।

ਹਰੇਕ ਸਮੂਹ ਦੇ ਗੁਣ-ਲੱਛਣ ਉਸ ਲਈ ਗੌਰਵਸ਼ਾਲੀ ਹੁੰਦੇ ਹਨ ਜੋ ਉਸ ਸਮੂਹ ਦੀ ਵਿਲੱਖਣ ਹੋਂਦ ਸਥਪਿਤ ਕਰਦੇ ਹਨ। ਇਹਨਾਂ ਲੱਛਣਾਂ ਦੀ ਜਾਣਕਾਰੀ ਨਾਲ ਹੀ ਉਸ ਸਮੂਹ ਨੂੰ ਸਮਝਿਆ ਜਾ ਸਕਦਾ ਹੈ। ਕਿਸੇ ਲੋਕਾਂ ਦੇ ਸਮੂਹਾਂ ਦੀਆਂ ਕਦਰਾਂ-ਕੀਮਤਾਂ, ਰਸਮ-ਰਿਵਾਜ਼, ਪਰੰਪਰਾਵਾਂ, ਆਚਾਰ-ਵਿਹਾਰ ਆਦਿ ਦੂਜੇ ਲੋਕਾਂ ਦੇ ਸਮੂਹਾਂ ਤੋਂ ਵੱਖਰੇ ਹੁੰਦੇ ਹਨ। ਆਧੁਨਿਕਤਾਵਾਦ ਕਿਸੇ ਇਕ ਸਮੂਹ ਦੀ ਉੱਚਤਾ ਲਈ ਉਸਦੀ ਸਥਾਪਤੀ ਲਈ ਹਾਮੀ ਭਰਦੀਆਂ ਨੀਤੀਆਂ ਨੂੰ ਸਾਰੇ ਸਮੂਹਾਂ ਤੇ ਲਾਗੂ ਕਰਨਾ ਚਾਹੁੰਦਾ ਹੈ। ਉੱਤਰ-ਆਧੁਨਿਕਤਾਵਾਦ ਇਸਦਾ ਵਿਰੋਧ ਕਰਦਾ ਹੈ। ਉਹ ਅਜਿਹੇ ਮਹਾਂ-ਬਿਰਤਾਂਤ ਜੋ ਆਪਣੀ ਇਕਰੂਪਤਾ ਰਾਹੀਂ ਸਾਰੇ ਸਮਾਜਾਂ ਜਾਂ ਸਮੂਹਾਂ ਨੂੰ ਸਮਝੇ ਅਤੇ ਮੁਕਤੀ ਲਈ ਇਸ ਇਕਰੂਪਤਾ ਨੂੰ ਆਧਾਰ ਬਣਾਵੇ, ਉੱਤਰ-ਆਧੁਨਿਕਤਾਵਾਦ ਇਹਨਾਂ ਨੂੰ ਖ਼ਤਮ ਕਰਦਾ ਹੈ। ਇਸੇ ਪ੍ਰਕਾਰ ਉੱਤਰ-ਆਧੁਨਿਕਤਾ ਮਹਾਂ-ਬਿਰਤਾਂਤਾਂ ਦੀ ਇਕਰੂਪਤਾ ਦੀ ਧਾਰਨਾ ਦੇ ਵਿਰੋਧ ਵਿਚ ਗੌਣ ਕੀਤੇ ਸੱਭਿਆਚਾਰਾਂ ਦੀ ਪਰੰਪਰਾ, ਰਸਮਾਂ-ਰਿਵਾਜ਼ਾਂ ਤੇ ਗੌਰਵਸ਼ਾਲੀ ਸੱਭਿਆਚਾਰ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਅਤੇ ਵੱਖਰਤਾ ਨੂੰ ਅਪਣਾਉਂਦਾ ਹੈ।

> *"ਵੱਖਰਤਾ' ਅਤੇ 'ਵਿਕੇਂਦਰਤਾ' ਦੀ ਦ੍ਰਿਸ਼ਟੀ ਵਾਲੀ ਇਸ 'ਸਥਾਨਕਤਾ' ਵਿੱਚ ਵਧੇਰੇ ਆਜ਼ਾਦੀ, ਵਧੇਰੇ ਡੂੰਘੀ ਪਹਿਚਾਣ ਅਤੇ ਮੁਕਤੀ ਦੀ ਗੱਲ ਸੋਚੀ ਜਾ ਸਕਦੀ ਹੈ, ਕਿਉਂਕਿ ਇਹ ਐਸੀ ਸਥਾਨਕਤਾ ਦੀ ਪਹਿਚਾਣ ਹੈ, ਜਿਸ ਵਿੱਚ ਵਿਸ਼ਵ-ਗਿਆਨ (ਗਲੋਬਲ ਚੇਤਨਾ) ਜ਼ਜ਼ਬ ਹੋ ਚੁੱਕਿਆ ਹੈ।"* [2]

ਸਰੂਪ ਸਿਆਲਵੀ ਦੀ ਕਹਾਣੀ ਰਵਿੰਦਰ ਰਾਵਣ(ਚਾਰ ਤੱਤ ਦਾ ਪੁਤਲਾ, 2016) ਰਾਹੀਂ ਵੀ 'ਸਥਾਨਕਤਾ' ਦੇ ਪਛਾਣ ਚਿੰਨ੍ਹ ਨਾਲ ਆਪਣੀ ਹੋਂਦ ਨੂੰ ਵਿਕਸਿਤ ਕਰਨ ਦੀ ਗੱਲ ਕੀਤੀ ਗਈ ਹੈ। ਇਹ ਕਹਾਣੀ ਇਤਿਹਾਸ ਵਿਚ ਰਾਵਣ ਨੂੰ ਬਦੀ ਦੇ ਪ੍ਰਤੀਕ ਵਜੋਂ ਸਥਾਪਿਤ ਕਰਨ ਵਾਲੀ ਮਿੱਥ ਨੂੰ ਨਵੇਂ ਪਾਸਾਰਾਂ ਤੋਂ ਪੇਸ਼ ਕਰਦੀ ਹੈ। ਭਾਰਤੀ ਦਰਸ਼ਨ ਵਿਚ ਰਾਵਣ ਨੂੰ ਬਦੀ ਦੇ ਪ੍ਰਤੀਕ ਵਜੋਂ ਸਥਾਪਿਤ ਕੀਤਾ ਗਿਆ ਹੈ। ਦੁਸ਼ਹਿਰੇ ਵਾਲੇ ਦਿਨ ਰਾਵਣ ਦਹਿਨ ਸਮੇਂ ਸਾਰਾ ਭਾਰਤ ਖੁਸ਼ੀ ਮਨਾਉਂਦਾ ਹੈ। ਪਰ ਇਸ ਕਹਾਣੀ ਵਿਚ ਰਾਵਣ ਨੂੰ ਬਦੀ ਨਾਲੋਂ ਨੇਕੀ ਦੇ ਪ੍ਰਤੀਕ ਵਜੋਂ ਮਿੱਥ ਨੂੰ ਉਲਟਾ ਕੇ ਪੇਸ਼ ਕੀਤਾ ਗਿਆ ਹੈ। ਕਥਾਕਾਰ ਇਹ ਕੰਮ ਕਹਾਣੀ ਦੇ ਇਕ ਬੁੱਧੀਜੀਵੀ ਪਾਤਰ ਘੁੰਮਣ ਸਿੰਘ ਘੁਮੰਤਰ ਰਾਹੀਂ ਕਰਦਾ ਹੈ। ਜਿਸ ਨੇ ਭਾਰਤ ਦੀਆਂ ਇਤਿਹਾਸਕ ਥਾਵਾਂ ਦਾ ਭ੍ਰਮਣ ਕੀਤਾ ਹੋਇਆ ਹੈ। ਉਹ ਕਹਾਣੀ ਵਿਚ ਰਾਮ ਲੀਲ੍ਹਾ ਵਿਚ ਰਾਵਣ ਦਾ ਰੋਲ ਅਦਾ ਕਰਨ ਵਾਲੇ ਰਵਿੰਦਰ ਨੂੰ ਹੀਣ ਭਾਵਾਂ ਵਿਚੋਂ ਕੱਢਦਾ ਹੈ। ਰਵਿੰਦਰ ਦੀ ਹੀਣ ਭਾਵਨਾ ਹੈ ਕਿ ਉਸਨੂੰ ਰਾਵਣ ਦੇ ਪਾਤਰ ਵਜੋਂ ਸਾਰੇ ਲੋਕ ਨਫ਼ਰਤ ਦੀਆਂ ਨਜ਼ਰਾਂ ਨਾਲ ਵੇਖਦੇ ਹਨ। ਇਸ ਲਈ ਉਹ ਕਈ ਵਾਰ ਇਸਦੇ ਨਿਰਦੇਸ਼ਕ ਨੂੰ ਇਹ ਰੋਲ ਨਿਭਆਉਣ ਤੋਂ ਨਾਂਹ ਵੀ ਕਰ ਚੁੱਕਾ ਹੈ। ਪਰ ਘੁੰਮਣ ਸਿੰਘ ਰਵਿੰਦਰ ਨੂੰ ਸਮਝਾਉਂਦਾ ਹੈ ਕਿ,

> *"ਰਾਵਣ ਵੀ ਤਾਂ ਇਕ ਵਿਅਕਤੀ ਸੀ। ਇਕ ਵਿਅਕਤੀ ਵਿਚ ਗੁਣ, ਔਗੁਣ ਹੋਣਾ ਸੁਭਾਵਿਕ ਹੈ। ਰਾਵਣ ਇਕ ਹੰਕਾਰੀ ਤੇ ਬੜਬੋਲਾ ਹੋਣ ਦੇ ਨਾਲ-ਨਾਲ ਵਿਦਵਾਨ ਤੇ ਪਰਾਕ੍ਰਮੀ ਵੀ ਸੀ। ਜਦ ਰਾਮ ਤੇ ਲਛਮਣ ਰਾਵਣ ਤੇ ਜਿੱਤ ਪ੍ਰਾਪਤ ਕਰਨ ਲਈ ਯੱਗ ਅਨੁਸ਼ਠਾਨ ਕਰਦੇ ਹਨ ਤਾਂ ਵਿਭੀਖਣ ਦੇ ਬੁਲਾਉਣ 'ਤੇ ਉਹਦਾ ਭਰਾ ਰਾਵਣ ਇਕ ਵਿਦਵਾਨ ਹੋਣ ਕਰਕੇ ਯੱਗ ਸੰਪੂਰਨ ਕਰਨ ਲਈ ਆਉਂਦਾ ਹੈ ਤੇ ਆਪਣਾ ਫ਼ਰਜ਼ ਪੂਰਾ ਕਰਦਿਆਂ. . .ਯੱਗ ਵਿਚ ਵਿਜੈ ਸ੍ਰੀ ਦੀ ਅਹੂਤੀ ਪਾਉਂਦਾ ਹੈ ਤੇ ਰਾਮ ਲਛਮਣ ਨੂੰ ਉਹਦੇ ਪੈਰ ਛੂਹਣ ਤੇ ਆਪਣੇ ਉੱਤੇ ਜਿੱਤ ਦਾ ਆਸ਼ੀਰਵਾਦ ਦਿੰਦਾ ਹੈ।"* [3]

ਰਾਵਣ ਨੂੰ ਇਤਿਹਾਸ/ਮਿਥਿਹਾਸ ਵਿਚ ਸਿਰਫ਼ ਇਕ ਆਕ੍ਰਮਣਕਾਰੀ ਤੇ ਔਰਤ ਦੀ ਬੇਪਤੀ ਕਰਨ ਵਾਲਾ ਘਮੰਡੀ ਰਾਜਾ ਹੀ ਦਰਸਾਇਆ ਗਿਆ ਹੈ। ਪਰ ਕਹਾਣੀਕਾਰ ਇਸ ਸਥਾਪਿਤ ਤੇ ਨਿਸ਼ਚਿਤ ਬਿਰਤਾਂਤ ਨੂੰ ਅਸਵੀਕਾਰ ਕਰਦਾ ਹੈ ਅਤੇ ਰਾਵਣ ਨੂੰ ਵਿਦਵਾਨ ਅਤੇ ਪ੍ਰਾਕਰਮੀ ਸਿੱਧ ਕਰਨ ਲਈ ਕਈ ਤੱਥਕ ਵੇਰਵੇ ਵੀ ਦਿੰਦਾ ਹੈ। ਜਿਵੇਂ ਉਸਦੀ ਵਿਦਵਤਾ ਕਰਕੇ ਹੀ ਭਾਰਤ ਦੇ ਕਈ ਸ਼ਹਿਰਾਂ ਜਿਵੇਂ ਦੱਖਣੀ ਭਾਰਤ ਵਿਚ ਆਂਧਰਾ ਪ੍ਰਦੇਸ਼ ਦੇ ਕਾਕਾਨਾਡਾ ਇਲਾਕੇ ਵਿਚਲੇ ਮਛਵਾਰਿਆਂ ਦੁਆਰਾ ਰਾਵਣ ਨੂੰ ਇਸ਼ਟ ਮੰਨ ਕੇ ਪੂਜਣਾ, ਉੱਤਰੀ ਭਾਰਤ ਦੇ ਸਹਾਰਨਪੁਰ ਵਿਚ ਰਾਵਣ ਦੇ ਵੱਡੇ-ਵੱਡੇ ਮੰਦਰਾਂ ਦਾ ਨਿਰਮਾਣ ਅਤੇ ਜੋਧਪੁਰ ਵਿਚ ਉਸਦੇ ਪੁਤਲੇ ਦਾ ਦਹਿਨ ਨਾ ਕੀਤਾ ਜਾਣਾ ਆਦਿ।

ਇਥੇ ਕਹਾਣੀ ਰਵਿੰਦਰ ਦੇ ਮਨ ਵਿਚ ਉਪਜੇ ਸ਼ੰਕਿਆਂ ਤੋਂ ਭਾਰਤੀ ਦਰਸ਼ਨ ਦੇ ਮਿਥਿਹਾਸ ਦੁਆਰਾ ਭਾਰਤੀ ਮੂਲ ਦੇ ਨਿਵਾਸੀਆਂ ਅਤੇ ਦ੍ਰਾਵਿੜਾਂ ਉੱਪਰ ਆਰੀਅਨ ਦੀ ਸਰਦਾਰੀ ਸਥਾਪਿਤ ਕਰਨ ਲਈ ਇਹੋ ਜਿਹੇ ਨਾਇਕਾਂ ਨੂੰ ਬਦੀ ਦੇ ਪ੍ਰਤੀਕ ਬਣਾ ਦੇਣ ਦੇ ਦੰਭ ਨੂੰ ਪ੍ਰਗਟਾਉਂਦੀ ਹੈ। ਉਹਨਾਂ ਦੀ ਇਹ ਚਲਾਕੀ ਨਿਮਨ ਵਰਗ ਨੂੰ ਉਸਦੇ ਇਤਿਹਾਸਕ ਮਿਥਿਹਾਸਕ ਪ੍ਰੇਰਕਾਂ ਨੂੰ ਬਦੀ ਦੇ ਪ੍ਰਤੀਕ ਵਜੋਂ ਸਥਾਪਿਤ ਕਰਕੇ ਉਸਦੇ ਗੌਰਵਸ਼ਾਲੀ ਤੇ ਸੰਘਰਸ਼ਮਈ ਇਤਿਹਾਸ ਤੋਂ ਵਾਂਝੇ ਕਰਦੀ ਹੈ।ਕਹਾਣੀਕਾਰ ਨੇ

ਰਾਵਣ ਦੇ ਗੌਣ ਪੱਖਾਂ ਤੋਂ ਮੈਂ ਪਾਤਰ ਰਵਿੰਦਰ ਨੂੰ ਚੇਤੰਨ ਕਰਾ ਕੇ ਮੁਖਧਾਰਾ ਦੇ ਸਥਾਪਿਤ ਮਹਾਂ-ਬਿਰਤਾਂਤਾਂ ਨੂੰ ਚੁਣੌਤੀ ਦਿੱਤੀ ਹੈ। ਇਸ ਤਰ੍ਹਾਂ ਕਰਕੇ ਉਹ ਰਾਵਣ ਪ੍ਰਤੀ ਬਦੀ ਦੀ ਮਿੱਥ ਨੂੰ ਸਿਰੇ ਤੋਂ ਹੀ ਪਲਟ ਦਿੰਦਾ ਹੈ। ਰਵਿੰਦਰ ਹਮੇਸ਼ਾ ਰਾਮ ਲੀਲ੍ਹਾ ਵਿਚ ਰਾਮ ਤੇ ਸੀਤਾ ਦਾ ਰੋਲ ਨਿਭਾਉਣ ਵਾਲੇ ਪਾਤਰਾਂ ਰਮਿੰਦਰ ਤੇ ਸਤਿੰਦਰ ਦੇ ਪੈਰੀਂ ਹੱਥ ਲਗਾਉਂਦਾ ਹੈ। ਪਰ ਕਹਾਣੀ ਦੇ ਅੰਤ ਵਿਚ ਦੋਵੇਂ ਜਣੇ ਉਸ ਕੋਲੋਂ ਪੈਰੀਂ ਹੱਥ ਨਾ ਲਗਵਾ ਕੇ ਇਸ ਮਿੱਥ ਨੂੰ ਉਲਟਾ ਦਿੰਦੇ ਹਨ। ਉਹਨਾਂ ਦਾ ਅਜਿਹਾ ਕਰਨਾ ਰਾਵਣ ਨੂੰ ਬਦੀ ਤੋਂ ਨੇਕੀ ਦੇ ਪ੍ਰਤੀਕ ਵਿਚ ਰੂਪਾਂਤਰਣ ਵਜੋਂ ਪੇਸ਼ ਕਰਨਾ ਹੈ। ਜਿਸ ਨਾਲ ਇਹ ਕਹਾਣੀ ਪੁਰਾਤਨ ਦੌਰ ਤੋਂ ਤੁਰੀ ਆਉਂਦੀ ਇਸ ਮਿੱਥ ਵਿਰੁੱਧ ਪ੍ਰਤੀਕਰਮ ਸਿਰਜਣ ਨਾਲੋਂ ਇਸ 'ਤੇ ਪਏ ਪਰਦੇ ਚੁੱਕ ਕੇ ਵਿਚਾਰਧਾਰਕ ਤਰਕ ਦੀ ਸਿਰਜਣਾ ਕਰਦੀ ਹੈ।

ਰਾਵਣ ਵਾਂਗ ਹੀ ਮਹਾਂਭਾਰਤ ਦੇ ਕਰਨ ਨੂੰ ਵੀ ਇਤਿਹਾਸ ਵਿਚੋਂ ਗੌਣ ਕੀਤੇ ਜਾਣ ਦੇ ਵਿਸ਼ੇ ਨੂੰ ਸਾਹਮਣੇ ਲਿਆਂਦਾ ਗਿਆ ਹੈ। 'ਕੁੰਤੀ ਪੁੱਤਰ . . . ਕਰਨ'(ਕਾਲ ਕਾਲਾਂਤਰ, 2011) ਕਹਾਣੀ ਮਹਾਂਭਾਰਤ ਕਾਲ ਦੇ ਇਤਿਹਾਸ ਨੂੰ ਬਿਰਤਾਂਤ ਦਾ ਆਧਾਰ ਬਣਾਉਂਦੀ ਹੈ। ਇਸ ਕਹਾਣੀ ਰਾਹੀਂ ਮਹਾਂਭਾਰਤ ਦੇ ਮਿਥਿਹਾਸ ਦੀ ਪੁਨਰ ਸੰਰਚਨਾ ਰਾਹੀਂ ਉਸ ਸਮੇਂ ਰਹਿ ਗਈਆਂ ਵਿੱਥਾਂ ਨੂੰ ਤਲਾਸ਼ਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿੱਚ ਮੁੱਖਧਾਰਾ ਵੱਲੋਂ ਅਣਗੌਲੀਆਂ ਧਿਰਾਂ ਨਾਲ ਕੀਤੀਆਂ ਵਧੀਕੀਆਂ ਦੇ ਭਰੇ ਵੇਰਵੇ ਡੀਕੋਡ ਕੀਤੇ ਗਏ ਹਨ। ਇਹ ਕਹਾਣੀ 'ਕਰਨ' ਦੀ ਗੁਆਚੀ ਹੋਂਦ ਦੀ ਪਛਾਣ ਨਾਲ ਹੀ ਜੁੜੀ ਹੈ। ਬ੍ਰਾਹਮਣਵਾਦੀ ਦਰਸ਼ਨ ਅਨੁਸਾਰ ਨਿਯੋਗ ਪ੍ਰਥਾ ਨਾਲ ਪੈਦਾ ਹੋਈ ਸੰਤਾਨ ਨੂੰ ਸਵਰਨ ਜਾਤੀਆਂ ਦਾ ਨਾਮ ਦਿੱਤਾ ਗਿਆ ਹੈ। ਪਰ ਸ਼ਰਤ ਇਹ ਹੈ ਕਿ ਇਹ ਪ੍ਰਥਾ ਔਰਤ ਉਪਰ ਮਾਲਕਾਨਾ ਹੱਕ ਰੱਖਣ ਵਾਲੀ ਧਿਰ ਪਿਤਾ, ਪਤੀ ਤੇ ਪੁੱਤਰ ਦੀ ਮਰਜ਼ੀ ਨਾਲ ਹੋਈ ਹੋਵੇ।ਇਸ ਕਹਾਣੀ ਵਿੱਚ ਵੀ ਕਹਾਣੀਕਾਰ ਨੇ ਪਾਂਡਵਾਂ ਦਾ ਜਨਮ ਨਿਯੋਗ ਪ੍ਰਥਾ ਰਾਹੀਂ ਹੋਣ ਬਾਰੇ ਦੱਸਿਆ ਹੈ। ਮਹਾਂਭਾਰਤ ਕਾਲ ਸਮੇਂ 'ਪਾਂਡੂ' ਦੀ ਨਾਮਰਦਾਨਗੀ ਕਾਰਨ ਕੁੰਤੀ ਤੇ ਮਾਦਰੀ ਨੂੰ ਵੱਖ-ਵੱਖ ਬ੍ਰਾਹਮਣਾਂ ਨਾਲ ਸਹਿਵਾਸ ਕਰਕੇ ਪੰਜਾਂ ਪਾਂਡਵਾਂ ਨੂੰ ਜਨਮ ਦੇਣਾ ਪੈਂਦਾ ਹੈ ਕਿਉਂਕਿ ਇਸ ਪਿੱਛੇ ਮਹਾਰਾਜਾ ਪਾਂਡੂ, ਭਾਵ ਦੋਹਾਂ ਮਹਾਂਰਾਣੀਆਂ ਦੇ ਪਤੀ ਦੀ ਇੱਛਾ ਵੀ ਸ਼ਾਮਲ ਸੀ, ਜਿਸ ਕਾਰਨ ਪੰਜੇ ਪਾਂਡਵ ਕਸ਼ੱਤਰੀ ਕਹਾਉਂਦੇ ਹਨ। ਕਰਨ ਵੀ ਕੁੰਤੀ ਤੇ ਬ੍ਰਾਹਮਣ ਸੂਰਜ ਦੀ ਨਿਯੋਗ ਪ੍ਰਥਾ ਰਾਹੀਂ ਹੀ ਪੈਦਾ ਹੁੰਦਾ ਹੈ। ਪਰ ਉਸਦਾ 'ਸੁਭਾਗ' ਮੁੱਖਧਾਰਾ ਦੇ ਛੜਯੰਤਰ ਨਾਲ ਜ਼ਾਇਜ਼ ਬਣੇ ਪਰਮ ਸੱਤ ਦੇ ਵੱਸ ਹੋ ਕੇ 'ਦੁਰਭਾਗ' ਵਿਚ ਬਦਲ ਜਾਂਦਾ ਹੈ। ਕਿਉਂਕਿ ਉਸ ਦਾ ਜਨਮ ਕੁੰਤੀ ਦੇ ਕੁਆਰੇਪਨ ਸਮੇਂ ਹੁੰਦਾ ਹੈ ਅਤੇ ਉਹ ਸਾਰੀ ਉਮਰ 'ਸੂਤ ਪੁੱਤਰ' ਕਹਾਉਣ ਲਈ ਮਜ਼ਬੂਰ ਹੋ ਜਾਂਦਾ ਹੈ। ਕੁੰਤੀ ਦੁਆਰਾ ਨਿਯੋਗ ਪ੍ਰਥਾ ਲਈ ਆਪਣੇ ਪਿਤਾ ਤੋਂ ਇਜਾਜ਼ਤ ਨਾ ਲੈਣ ਦਾ ਸਬੱਬ ਹੀ 'ਕਰਨ' ਦੀ ਜ਼ਿੰਦਗੀ ਦੇ ਕੰਢੇ ਖੋਰ ਦਿੰਦਾ ਹੈ। ਉਸਦੀ ਇਹ ਹੋਣੀ ਉਸਨੂੰ ਬਾਕੀ ਹੱਕਾਂ ਤੋਂ ਵੀ ਵੰਚਿਤ ਕਰ ਦਿੰਦੀ ਹੈ। ਕੇਵਲ ਇੱਕ ਨੀਚ ਜਾਤੀ ਦੇ ਲਕਬ ਕਾਰਨ ਉਹ ਦਰੋਪਤੀ ਨੂੰ ਸਵੰਬਰ ਵਿਚ ਜਿੱਤਣ ਦੀ ਸ਼ਰਤ ਪੂਰੀ ਕਰਨ ਦੇ ਅਯੋਗ ਹੋ ਜਾਂਦਾ ਹੈ ਅਤੇ ਕਾਬਲੀਅਤ ਹੋਣ ਦੇ ਬਾਵਜੂਦ ਰਾਜ-ਪਾਟ ਸੰਭਾਲਣ ਲਈ ਕਸ਼ੱਤਰੀ ਹੋਣ ਦੀ ਸ਼ਰਤ ਪੂਰੀ ਨਹੀਂ ਕਰ ਪਾਉਂਦਾ ਹੈ। ਕਥਾ ਬਿਰਤਾਂਤ ਰਾਹੀਂ 'ਕਰਨ' ਦੇ ਪਾਤਰ ਨੂੰ ਅਧਾਰ ਬਣਾ ਕੇ ਪਛਾਣ ਦੇ ਮਸਲੇ ਨੂੰ 'ਸਮਾਜਿਕ ਪ੍ਰਵਾਨਗੀ' ਨਾਲ ਜੋੜਿਆ ਗਿਆ ਹੈ। ਉਸਨੂੰ ਪਹਿਲਾਂ ਆਪਣੀ ਹੋਂਦ ਦੀ ਪਛਾਣ ਲਈ ਦਰ-ਬ-ਦਰ ਭਟਕਣਾ ਪੈਂਦਾ ਹੈ ਤੇ ਬਾਅਦ ਵਿਚ ਉਸ ਪਛਾਣ ਦੀ 'ਸਮਾਜਿਕ ਪ੍ਰਵਾਨਗੀ' ਲਈ ਵੀ ਸੰਘਰਸ਼ ਕਰਨਾ ਪੈਂਦਾ ਹੈ।

ਇਸ ਕਹਾਣੀ ਰਾਹੀਂ ਉਸ ਸਮੇਂ ਦੇ ਨਿਜ਼ਾਮ ਰਾਹੀਂ ਮੂਲ ਨਿਵਾਸੀਆਂ ਉੱਪਰ ਕੰਟਰੋਲ ਕਰਨ ਲਈ ਜਿਹੜੀਆਂ ਘਾੜਤਾਂ ਘੜੀਆਂ ਗਈਆਂ, ਉਹਨਾਂ ਦੀ ਨਿਸ਼ਾਨਦੇਹੀ ਵੀ ਕੀਤੀ ਗਈ ਹੈ। ਨਿਸ਼ਾਦ ਕਬੀਲੇ ਦੇ ਲੋਕ ਜੰਗਲਾਂ ਦੇ ਵਸਨੀਕ ਹਨ। ਉਹ ਸ਼ਿਕਾਰੀ ਬਿਰਤੀ ਦੇ ਹੋਣ ਕਾਰਨ ਤੀਰ-ਅੰਦਾਜ਼ੀ ਤੇ ਨਿਸ਼ਾਨੇਬਾਜ਼ੀ ਵਿਚ ਨਿਪੁੰਨ ਹਨ। ਪਰ ਫਿਰ ਵੀ ਇਹ ਸੱਤਾ ਧਿਰ ਦੇ ਗ਼ੁਲਾਮ ਹਨ। ਇਸ ਦਾ ਕਾਰਨ ਗਿਆਨ ਦੀ ਸ਼ਕਤੀ ਤੇ ਸੱਤਾ ਦਾ ਗਰੂਰ ਹੈ ਜੋ ਉੱਚੀਆਂ ਧਿਰਾਂ ਵੱਲੋਂ ਨੀਵੀਆਂ ਧਿਰਾਂ ਨੂੰ ਦਬਾਉਣ ਵਿਚ ਮਦਦਗਾਰ ਸਾਬਿਤ ਹੁੰਦਾ ਹੈ। ਬ੍ਰਾਹਮਣਵਾਦੀ ਦਰਸ਼ਨ ਦੀ ਹਾਕਮ ਜਮਾਤ ਦੁਆਰਾ ਨੀਵੀਆਂ ਧਿਰਾਂ ਨੂੰ ਦਬਾਈ ਰੱਖਣ ਵਿਚ ਉਹਨਾਂ ਦੇ ਗ੍ਰੰਥਾਂ ਨੇ ਮਦਦ ਕੀਤੀ ਹੈ। ਨੀਵੀਆਂ ਧਿਰਾਂ ਵਿਚ ਵੀ ਸੱਤਾ ਦੇ ਪ੍ਰਵਚਨ ਦਾ ਡਰ ਵੰਗਾਰਨ ਦੀ ਸ਼ਕਤੀ ਨਹੀਂ ਉਭਰਨ ਦਿੰਦਾ। ਇਹਨਾਂ ਮਹਾਂ-ਬਿਰਤਾਂਤਾਂ ਦੇ ਤਰਕਸੰਗਤ ਸੰਕਲਪ ਲਈ 'ਪੈਰਾਲੌਜੀ' ਨੂੰ ਟਕਰਾਵੇਂ ਪ੍ਰਵਚਨ ਵਜੋਂ ਪੇਸ਼ ਕੀਤਾ ਜਾ ਸਕਦਾ ਹੈ,

> *"ਸਮਕਾਲੀ ਉੱਤਰ-ਆਧੁਨਿਕਤਾਵਾਦ ਪ੍ਰਵਚਨ ਵਿੱਚ ਮਹਾਂ-ਬਿਰਤਾਂਤ ਦਾ ਗਲਬਾ ਨਹੀਂ ਰਿਹਾ ਇਸ ਦਾ ਬਦਲ "ਪੈਰਾਲੌਜੀ" (PARALOGY) ਹੈ ਜੋ ਸਥਾਨਕ ਬਿਰਤਾਂਤ ਨੂੰ ਪ੍ਰਗਟਾਉਂਦੀ ਹੈ। "ਪੈਰਾਲੌਜੀ" ਤੋਂ ਭਾਵ ਤਰਕ ਜਾਂ ਤਰਕਸੰਗਤ ਸੰਕਲਪਾਂ ਤੋਂ ਬਾਹਰ ਜੋ ਮਹਾਂ-ਬਿਰਤਾਂਤ ਤਰਕ ਜਾਂ ਤਰਕਸੰਗਤ ਸੰਕਲਪ ਬਣਤਰਾਂ ਦੇ ਧੁਰੇ ਦੁਆਲੇ ਹੋਂਦ ਵਿੱਚ ਆਇਆ। "ਪੈਰਾਲੌਜੀ" ਨਾਲ ਸਥਾਨਿਕ ਬਿਰਤਾਂਤ ਇਸ ਤੋਂ ਮੁਕਤ ਹੋ ਕੇ ਆਪਣੀ ਹੋਂਦ ਨੂੰ ਟਕਰਾਵੇਂ-ਪ੍ਰਵਚਨ ਵਿੱਚ ਪੇਸ਼ ਕਰਦਾ ਹੈ। ਇਥੇ ਆ ਕੇ ਮਹਾਂਬਿਰਤਾਂਤ ਦੀ ਨਿਆਂਸ਼ੀਲਤਾ ਦਾ ਭੰਜਨ ਹੋ ਜਾਂਦਾ ਹੈ, ਉਸ ਸੱਭਿਆਚਾਰਕ-ਅਵਚੇਤਨ ਦੀ ਗੱਲ ਹੋਣ ਲੱਗ ਪੈਂਦੀ ਹੈ ਜੋ "ਲੌਜੀ" ਤੋਂ ਪਾਰ ਹੈ, ਯਥਾਰਥ ਦੀ ਨਵੀਂ ਦੁਨੀਆਂ ਰਚੀ ਜਾਂਦੀ ਹੈ।"*[4]

ਸਥਾਨਕ ਬਿਰਤਾਂਤ ਨੂੰ ਟਕਰਾਵੇਂ ਪ੍ਰਵਚਨ ਵਜੋਂ ਸਰੂਪ ਸਿਆਲਵੀ ਨੇ ਕਹਾਣੀ 'ਚਾਰ ਤੱਤ ਦਾ ਪੁਤਲਾ' (ਚਾਰ ਤੱਤ ਦਾ ਪੁਤਲਾ, 2016), ਰਾਹੀਂ ਵੀ ਸਿਰਜਿਆ ਹੈ। ਇਸ ਵਿਚ ਬ੍ਰਾਹਮਣਵਾਦੀ ਦਰਸ਼ਨ ਨੂੰ ਲੋਕਾਇਤਵਾਦ ਰਾਹੀਂ ਟੱਕਰ ਦਿੱਤੀ ਗਈ ਹੈ। ਕਹਾਣੀ ਬ੍ਰਾਹਮਣਵਾਦੀ ਦਰਸ਼ਨ ਦੀ ਮਨੁੱਖੀ ਸਰੀਰ ਦੇ ਪੰਜ ਤੱਤਾਂ ਤੋਂ ਸੰਪਨਤਾ ਨੂੰ ਨਕਾਰਦੀ ਹੋਈ ਲੋਕਾਇਤਵਾਦ ਦੀ ਪਦਾਰਥਵਾਦੀ ਦ੍ਰਿਸ਼ਟੀ ਨੂੰ ਸਵੀਕਾਰਦੀ ਹੈ। ਜਿਸ ਅਨੁਸਾਰ ਮਨੁੱਖ ਪੰਜਾਂ ਤੱਤਾਂ ਤੋਂ ਨਹੀਂ ਸਗੋਂ ਚਾਰ ਤੱਤਾਂ ਦੀ ਰਸਾਇਣਿਕ ਪ੍ਰਕਿਰਿਆ ਤੋਂ ਪੈਦਾ ਹੋਇਆ ਹੈ। ਜਿਵੇਂ,

> *"ਗੁੜ ਵਿਚ ਨਸ਼ਾ ਨਹੀਂ ਹੁੰਦਾ ਤੇ ਨਾ ਹੀ ਪਾਣੀ ਵਿਚ ਹੁੰਦਾ ਏ। ਪਰ ਦੋਹਾਂ ਨੂੰ ਮਿਲਾ ਕੇ ਸੜਨ ਨਾਲ ਨਸ਼ਾ ਉਤਪੰਨ ਹੋ ਜਾਂਦਾ ਹੈ। ਇਸੇ ਤਰ੍ਹਾਂ ਚਾਰ ਤੱਤਾਂ ਦੇ ਮਿਸ਼ਰਣ ਨਾਲ ਜੀਵ ਪੈਦਾ ਹੁੰਦਾ ਏ ਤੇ ਉਸ ਵਿਚ ਚੇਤਨਾ ਪੈਦਾ ਹੋ ਜਾਂਦੀ ਏ। ਇਸ ਤਰ੍ਹਾਂ ਨਾਲ ਲੋਕਾਇਤ ਪ੍ਰਤੱਖ ਇੰਦਰੀ ਬੋਧ ਨੂੰ ਹੀ ਮਹੱਤਵ ਦਿੰਦੇ ਸਨ ਤੇ ਪ੍ਰਮਾਣਾਂ ਨਾਲ ਸਾਬਤ ਕਰਦੇ ਸਨ ਕਿ ਸਰੀਰ ਵਿਚ ਚੇਤਨਾ ਹੀ ਆਤਮਾ ਹੈ . . . (ਮਨੌਤ ਮੰਨੀ ਗਈ) ਆਤਮਾ ਨੇ ਹੀ ਪਿਛਲਾ ਜਨਮ ਫਿਰ ਅਗਲਾ ਜਨਮ ਧਾਰਨ ਕਰਨਾ ਹੁੰਦਾ ਏ। ਤੇ ਨਰਕ ਸਵਰਗ ਵਿਚ ਜਾਣਾ ਹੁੰਦਾ ਏ।*

*ਜਦ ਆਤਮਾ ਦੀ ਧਾਰਨਾ ਹੀ ਰੱਦ ਹੋ ਗਈ ਫਿਰ ਅਗਲਾ ਜਨਮ ਪਿਛਲਾ ਜਨਮ ਤੇ ਨਰਕ, ਸਵਰਗ ਦੀਆਂ ਧਾਰਨਾਵਾਂ ਆਪਣੇ ਆਪ ਰੱਦ ਹੋ ਜਾਂਦੀਆਂ ਨੇ। ਫਿਰ ਨਾ ਕੋਈ ਮੋਕਸ਼ ਮੁਕਤੀ ਨਾ ਕੋਈ ਆਵਾਗਮਨ ਦਾ ਚੱਕਰ ਰਹਿ ਜਾਂਦਾ ਹੈ।"* [5]

ਲੋਕਾਇਤਵਾਦ ਦੁਆਰਾ ਬ੍ਰਾਹਮਣਵਾਦੀ ਦਰਸ਼ਨ ਦੀ ਮਾਨਵ ਦੀ ਸਿਰਜਣਾ ਦੇ ਪੰਜ ਤੱਤਾਂ ਦੀ ਧਾਰਨਾ ’ਤੇ ਕਾਂਟਾ ਫੇਰਦੇ ਹੋਏ ਮਾਨਵ ਨੂੰ ਚਾਰ ਤੱਤਾਂ (ਪ੍ਰਿਥਵੀ, ਜਲ, ਅਗਨੀ ਤੇ ਪਵਨ) ਦਾ ਪੁਤਲਾ ਦੱਸਿਆ ਗਿਆ ਹੈ। ਇਸ ਧਾਰਨਾ ਅਨੁਸਾਰ ਬ੍ਰਾਹਮਣਵਾਦੀ ਦਰਸ਼ਨ ਪੰਜਵੇਂ ਤੱਤ ‘ਆਕਾਸ਼’ ਨੂੰ ਅਨੁਮਾਨ ਦੇ ਆਧਾਰ ’ਤੇ ਸਵੀਕਾਰ ਕਰਦਾ ਹੈ ਪਰ ਲੋਕਾਇਤਵਾਦ ਇਸ ਅਨੁਮਾਨ ਅਧਾਰਿਤ ਧਾਰਨਾ ਨੂੰ ਰੱਦ ਕਰਦਾ ਹੈ। ਲੋਕਾਇਤਵਾਦ ‘ਇੰਦਰੀ ਬੋਧ’ ਨੂੰ ਮਹੱਤਵ ਦਿੰਦਾ ਹੋਇਆ ਆਕਾਸ਼ ਨੂੰ ਗਿਆਨ ਇੰਦਰੀਆਂ ’ਤੇ ਆਧਾਰਿਤ ਨਹੀਂ ਮੰਨਦਾ। ਕਿਉਂਕਿ ਆਕਾਸ਼ ਅਨੁਮਾਨ ’ਤੇ ਆਧਾਰਿਤ ਹੈ। ਇਸ ਪ੍ਰਕਾਰ ਆਤਮਾ ਦਾ ਗਿਆਨ ਵੀ ਅਨੁਮਾਨ ਅਧਾਰਿਤ ਨਹੀਂ ਹੈ ਤੇ ਨਾ ਹੀ ਆਤਾਮਾ ਕਿਸੇ ਆਕਾਸ਼ ਵਿਚੋਂ ਆਈ ਮੰਨਦੇ ਹਨ। ਇਸ ਦ੍ਰਿਸ਼ਟੀਕੋਣ ਅਨੁਸਾਰ ਸਰੀਰ ਦੀ ਸਿਰਜਣਾ ਜੀਵਨ ਚੇਤਨਾ ਤੇ ਸਿਮਰਤੀ ਤੋਂ ਹੋਈ ਹੈ। ਜਿਸ ਵਿਚ ਚੇਤਨਾ ਹੀ ਆਤਮਾ ਹੈ। ਲੋਕਾਇਤਵਾਦ ਦੁਆਰਾ ਬ੍ਰਾਹਮਣਵਾਦੀ ਦਰਸ਼ਨ ਦੇ ‘ਕਰਮ-ਫਲ ਸਿਧਾਂਤ’ ਅਤੇ ‘ਪਾਪ-ਪੁੰਨ’ ਵਰਗੇ ਸੰਕਲਪਾਂ ਦਾ ਵੀ ਖੰਡਨ ਕੀਤਾ ਗਿਆ ਹੈ। ਜਿਨ੍ਹਾਂ ਰਾਹੀਂ ਉਚ-ਨੀਚ ਤੇ ਵਰਣ-ਵਿਵਸਥਾ ਨੂੰ ਬੜ੍ਹਾਵਾ ਮਿਲਦਾ ਹੈ। ਇਹਨਾਂ ਸੰਕਲਪਾਂ ਰਾਹੀਂ ਹੀ ਨਿਮਨ ਵਰਗਾਂ ਤੇ ਔਰਤਾਂ ਦਾ ਸ਼ੋਸ਼ਣ ਕੀਤਾ ਜਾਂਦਾ ਰਿਹਾ ਹੈ ਅਤੇ ਇਸ ਦੀ ਜ਼ਿੰਮੇਵਾਰੀ ਖੁਦ ਉਹਨਾਂ ਦੇ ਸਿਰ ਹੀ ਪਾਈ ਜਾਂਦੀ ਹੈ। ਇਸ ਪ੍ਰਕਾਰ ਅਨੁਮਾਨ ਸਹਿਤ ਪੈਦਾ ਕੀਤੀ ਜਾਣ ਵਾਲੀ ਆਤਮਾ ਨੂੰ ਲੋਕਾਇਤਵਾਦ ਮੂਲੋਂ ਹੀ ਨਕਾਰਦਾ ਹੈ। ਇਹ ਬ੍ਰਾਹਮਣਵਾਦੀ ਦਰਸ਼ਨ ਦੁਆਰਾ ਸਮੇਂ-ਸਮੇਂ ’ਤੇ ਅਗਿਆਨੀ ਲੋਕਾਂ ਵਿਚ ਆਪਣੇ ਬਿਨਾਂ ਸਿਰ ਪੈਰ ਵਾਲੇ ਨਰਕ ਸਵਰਗ, ਮੋਕਸ਼ ਤੇ ਆਵਾਗੌਣ ਦੇ ਚੱਕਰ ਦੇ ਸਿਧਾਂਤਾਂ ਉੱਪਰ ਵੀ ਕਾਂਟਾ ਫੇਰਦਾ ਹੈ। ਸੋ ਕੇਂਦਰੀ ਧਿਰਾਂ ਦੁਆਰਾ ਸਥਾਪਿਤ ਮਨੁੱਖੀ ਦੇਹ ਦੇ ਸੰਕਲਪਾਂ/ਭਾਸ਼ਾਈ ਪ੍ਰਵਚਨਾਂ ਨੂੰ ਉੱਤਰ-ਆਧੁਨਿਕ ਦੌਰ ਵਿਚ ‘ਲਘੂ-ਬਿਰਤਾਂਤ’ ਆਪਣੀ ਤਰਕ ਸ਼ਕਤੀ ਨਾਲ ਟੱਕਰ ਦੇ ਰਹੇ ਹਨ।

ਇਸੇ ਤਰ੍ਹਾਂ ‘ਅਸੁਰਾਂ ਦੀ ਬਸਤੀ’ (ਚੀਰ ਹਰਨ,2019) ਕਹਾਣੀ ਵੀ ਇਤਿਹਾਸ ਵਿਚ ਆਰੀਅਨ ਧਾੜਵੀਆਂ ਦੁਆਰਾ ਦ੍ਰਾਵਿੜਾਂ ਨੂੰ ਯੁੱਧਾਂ ਵਿਚ ਹਰਾ ਕੇ ਜੰਗਲਾਂ ਵਿਚ ਭਜਾਉਣ ਤੇ ਗੁਲਾਮ ਬਣਾਏ ਜਾਣ ਦੇ ਇਤਿਹਾਸ ਨੂੰ ਨਕਾਰ ਕੇ ਇਹਨਾਂ ਜਾਤੀਆਂ ਨੂੰ ਇਥੋਂ ਦੇ ਮੂਲ ਵਸਨੀਕ ਦੱਸ ਕੇ ਜਾਤੀ ਗੌਰਵ ਦੀ ਭਾਵਨਾ ਭਰਦੀ ਹੈ। ਆਧੁਨਿਕ ਸਮੇਂ ਵਿਚ ਉਹਨਾਂ ਕਬੀਲੇ ਵਾਲੇ ਜਾਂ ਅਸੁਰਾਂ ਦੀਆਂ ਅਗਲੀਆਂ ਪੀੜ੍ਹੀਆਂ ਜੰਗਲਾਂ ਵਿਚ ਹੀ ਰਹਿੰਦੀਆਂ ਹਨ। ਉਹਨਾਂ ਦੇ ਹੀ ਵੰਸ਼ਜ ਪਿੰਡਾਂ ਵਿੱਚ ਪਥੇਰਿਆਂ ਦੇ ਰੂਪ ਵਿਚ ਆਪਣਾ ਜੀਵਨ ਗੁਜ਼ਾਰ ਰਹੇ ਹਨ। ਅਸੁਰਾਂ ਦੇ ਵੰਸਜ਼ ਇਹਨਾਂ ਪਥੇਰਿਆਂ ਨੂੰ ਹੀ ਇਸ ਕਹਾਣੀ ਦਾ ਆਧਾਰ ਬਣਾਇਆ ਗਿਆ ਹੈ। ਕਹਾਣੀ ਵਿਚ ਬੁੱਧੀਜੀਵੀ ਪਾਤਰ ਪ੍ਰੋ. ਪਾਲ ਜੋ ਉਹਨਾਂ ਪਥੇਰਿਆਂ ਦੇ ਅਮੀਰ ਵਿਰਸੇ ਦੇ ਇਤਿਹਾਸ ਤੇ ਇਸ ਭੂਮੀ ਦੇ ਅਸਲੀ ਮਾਲਕ ਹੋਣ ਤੋਂ ਜਾਣੂ ਹੈ, ਉਹਨਾਂ ਨੂੰ ਨਿਗੂਣੇ ਹੋਣ ਦੇ ਹੀਣ ਭਾਵ ਤੋਂ ਬਾਹਰ ਕੱਢਦਾ ਹੈ।

*"ਹਜ਼ਾਰਾਂ ਸਾਲ ਪਹਿਲਾਂ . . . ਦਰਿਆਵਾਂ ਦੇ ਕਿਨਾਰਿਆਂ ਉੱਤੇ ਵੱਡੇ-ਵੱਡੇ ਨਗਰ ਵਸਦੇ ਸਨ ਜਿਨ੍ਹਾਂ ਵਿਚ ਅਤਿ ਸਭਿਅਕ ਲੋਕ ਰਹਿੰਦੇ ਸਨ। . . .ਮੱਧ ਏਸ਼ੀਆ ਤੋਂ ਆਏ ਪਸ਼ੂ-ਪਾਲ ਆਰੀਆਂ ਨੇ . . . ਉਹਨਾਂ ਉੱਤੇ ਆਕ੍ਰਮਣ ਕਰ ਦਿੱਤਾ ਸੀ। ਮਾਰ-ਧਾੜ ਤੇ ਗੁਲਾਮ ਬਣਾਏ ਜਾਣ ਤੋਂ ਬਚੇ . . . ਇਹ ਕਾਲੇ ਰੰਗ ਤੇ ਫੀਨ੍ਹੇ ਨੱਕ ਵਾਲੇ ਅਸੁਰ . . . ਜੰਗਲਾਂ ਵਿਚ ਨੂੰ ਭੱਜ ਗਏ ਸਨ ਤੇ ਅੱਜ ਤੱਕ ਵੀ ਉਨ੍ਹਾਂ ਅਸੁਰਾਂ ਦੀ ਸੰਤਾਨ ਜੰਗਲਾਂ, ਬੇਲਿਆਂ ਵਿਚ ਪੀੜ੍ਹੀ-ਦਰ-ਪੀੜ੍ਹੀ ਰਹਿੰਦੀ ਚਲੀ ਆ ਰਹੀ ਹੈ।"* [6]

ਆਧੁਨਿਕਤਾਵਾਦ ਨੇ ਸਥਾਨਕ ਸੱਭਿਆਚਾਰਾਂ ਨੂੰ ਦਮਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਇਸਦੇ ਵਿਰੋਧ ਵਜੋਂ ਉੱਤਰ-ਆਧੁਨਿਕਤਾਵਾਦ ਇਕ ਬੌਧਿਕ ਜਾਗ੍ਰਿਤੀ ਵਜੋਂ ਹੋਂਦ ਵਿਚ ਆਇਆ ਹੈ ਜੋ ਵੱਖ-ਵੱਖ ਵਰਗਾਂ, ਸੱਭਿਆਚਾਰਕ ਸਮੂਹਾਂ ਆਦਿ ਨੂੰ ਆਪਣੀ ਸਵੈ-ਹੋਂਦ ਲਈ ਵੱਖਰੀ ਪਛਾਣ ਬਣਾਉਣ ਲਈ ਉਤਸ਼ਾਹਿਤ ਕਰਦਾ ਹੈ। ਕਹਾਣੀਕਾਰ ਨੇ ਸਤਲੁਜ ਦਰਿਆ ਦੇ ਸਥਾਨਕ ਇਤਿਹਾਸ ਨੂੰ ਵੀ ਆਪਣੀ ਕਹਾਣੀ ਰਾਹੀਂ ਕੇਂਦਰ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਹੈ।

‘ਮੈਂ ਸਤਲੁਜ ਬੋਲਦਾ ਹਾਂ’ (ਨਾਂਗੇਲੀ,2023) ਕਹਾਣੀ ਹਾਕਮ ਧਿਰਾਂ ਵੱਲੋਂ ਇਤਿਹਾਸ ਨਾਲ ਛੇੜਛਾੜ ਕਰਨ ਅਤੇ ਇਸਦੀ ਦਬੇਲ ਪ੍ਰਵਿਰਤੀ ਨੂੰ ਉਜਾਗਰ ਕਰਦੀ ਹੈ। ਇਹ ਕਹਾਣੀ ਭਾਰਤ ਦੀਆਂ ਸੱਤ ਨਦੀਆਂ/ਦਰਿਆਵਾਂ ਦੇ ਇਤਿਹਾਸ ਤੋਂ ਜਾਣੂ ਕਰਾਉਂਦੀ ਹੈ। ਜਿਨ੍ਹਾਂ ਨੂੰ ਹਾਕਮ ਜਮਾਤਾਂ ਵੱਲੋਂ ਅਲੋਪ ਦੱਸ ਕੇ ਭਾਰਤੀ ਇਤਿਹਾਸ ਵਿਚ ਗੌਣ ਕੀਤਾ ਜਾ ਰਿਹਾ ਹੈ। ਸਤਲੁਜ ਦਰਿਆ ਆਪਣੇ ਭੂਤਕਾਲ ਦੀ ਅਮੀਰ ਭੂਗੋਲਿਕਤਾ ਤੇ ਤੇਜ਼ ਵਹਾਅ ਤੋਂ ਜਾਣੂ ਕਰਾਉਂਦਾ ਹੈ, ਕਿ ਕਿਵੇਂ ਉਹ ਸਿੰਧ, ਜਿਹਲਮ ਤੇ ਹੋਰ ਦਰਿਆਵਾਂ ਵਾਂਗ ਹਿਮਾਲਾ ਪਰਬਤ ਦੀ ਮਾਨਸਰੋਵਰ ਝੀਲ ਵਿਚੋਂ ਨਿਕਲਦਾ ਹੈ। ਵੈਦਿਕ ਕਾਲ ਵਿਚ ਬਾਕੀ ਨਦੀਆਂ ਵਾਂਗ ਇਸ ਨੂੰ ਵੀ ਕਈ ਨਾਵਾਂ ਨਾਲ ਬੁਲਾਇਆ ਜਾਂਦਾ ਰਿਹਾ ਹੈ। ਜਿਵੇਂ ‘ਸ਼ਤਰੁਦਰ’ (ਖ਼ੂਨ ਦੀਆਂ ਨਦੀਆਂ ਵਹਾਉਣ ਵਾਲਾ) ਨਾਮ ਇਸਦੇ ਮੁਹਾਣੇ ’ਤੇ ਵਸਦੇ ਰੋਪੜ ਨਗਰ ਦੇ ਮੂਲ ਨਿਵਾਸੀਆਂ ਨੂੰ ਧਾੜਵੀਆਂ ਦੁਆਰਾ ਉਜਾੜੇ ਜਾਣ ਅਤੇ ਖੂਨ-ਖਰਾਬਾ ਕੀਤੇ ਜਾਣ ਕਾਰਨ ਪੈਂਦਾ ਹੈ। ਪਰ ਇੱਥੇ ਵੱਸਦੇ ਲੋਕਾਂ ਦੁਆਰਾ ਇਸ ਨੂੰ ‘ਸੱਤ-ਲਾਜ’ ਭਾਵ ਸੱਚ ਦੀ ਲਾਜ ਬਚਾਉਣ ਵਾਲਾ ਨਾਮ ਦਿੱਤਾ ਗਿਆ ਹੈ। ਸਤਲੁਜ ਦਰਿਆ ਦੇ ਨਾਲ ਵਗਣ ਵਾਲੀ ਨਦੀ ਸਰਸਵਤੀ ਵੀ ਰਿਗਵੇਦ ਦੇ ਸਮੇਂ ਦੇ ਹਾਣ ਦੀ ਹੈ। ਪਰ ਕੁਝ ਭੂਗੋਲਿਕ ਕਾਰਨਾਂ ਕਰਕੇ ਇਸਦੇ ਅਲੋਪ ਹੋਣ ਦੇ ਤੱਤਾਂ ਤੋਂ ਵੀ ਕਹਾਣੀ ਰਾਹੀਂ ਜਾਣਕਾਰੀ ਮਿਲਦੀ ਹੈ। ਅਰਾਵਲੀ ਪਰਬਤ ਦੇ ਉੱਤਰੀ ਭਾਗ ਉੱਚਾ ਉੱਠਣ ਕਾਰਨ ਇਸ ਵਿਚ ਆ ਕੇ ਮਿਲਣ ਵਾਲੀ ਜਮਨਾ ਨਦੀ ਜਦੋਂ ਗੰਗਾ ਵਿਚ ਮਿਲਣ ਲੱਗ ਪੈਂਦੀ ਹੈ ਤਾਂ ਹੌਲੀ-ਹੌਲੀ ਇਸ ਦਾ ਪਾਣੀ ਘੱਟਣ ਲਗਦਾ ਹੈ। ਜਿਸ ਕਾਰਨ ਇਕ ਦਿਨ ਇਹ ਨਦੀ ਅਲੋਪ ਹੋ ਜਾਂਦੀ ਹੈ। ਪਰਿਵਰਤਿਤ ਭੂਗੋਲਿਕ ਸਥਿਤੀਆਂ ਕਾਰਨ ਹੀ ਸਤਲੁਜ ਦਾ ਆਪਣਾ ਵਹਿਣ ਵੀ ਦੱਖਣ-ਪੱਛਮ ਦੀ ਥਾਂ ਪੱਛਮ ਵੱਲ ਬਦਲ ਜਾਂਦਾ ਹੈ। ਜਿਸ ਕਾਰਨ ਇਹ ਬਿਆਸ ਦਰਿਆ ਵਿਚ ਮਿਲਣ ਲੱਗ ਪੈਂਦਾ ਹੈ। ਕਹਾਣੀਕਾਰ ਨੇ ਇਥੇ ਰੋਪੜ ਸ਼ਹਿਰ ਜਿਹੜਾ ਸਤਲੁਜ ਦੀ ਧਾਰਾ (‘ਰੌਂ-ਪਰ’) ਉੱਪਰ ਵਸਿਆ ਹੋਣ ਕਾਰਨ ਰੋਪੜ ਕਹਾਉਣ ਲੱਗ ਪਿਆ ਸੀ, ਦੇ ਸਮੇਂ ਦੀਆਂ ਸਰਕਾਰਾਂ ਦੁਆਰਾ ਨਾਮ ਬਦਲ ਕੇ ਰੂਪਨਗਰ ਨਾਮ ਰੱਖ ਦੇਣ ਉੱਪਰ ਵੀ ਕਿੰਤੂ ਕੀਤਾ ਹੈ। ਉਹ ਪ੍ਰਸ਼ਾਸ਼ਨ ਉੱਪਰ ਇਤਿਹਾਸ ਨਾਲ ਛੇੜ-ਛਾੜ ਕਰਨ ਦਾ ਆਰੋਪ ਲਗਾਉਂਦਾ ਹੈ। ਸੋ

ਇਹ ਕਹਾਣੀ ਹਾਸ਼ੀਆਗਤ ਥਾਵਾਂ, ਧਿਰਾਂ ਆਦਿ ਨੂੰ ਇਤਿਹਾਸ ਵਿਚੋਂ ਖਾਰਜ ਕਰਨ ਜਾਂ ਛੇੜ ਛਾੜ ਕਰਕੇ ਸਮਾਜ ਵੱਲੋਂ ਅਣਗੌਲੇ ਕਰ ਦੇਣ ਦੀਆਂ ਹਾਕਮੀ ਸਾਜਿਸ਼ਾਂ ਤੋਂ ਪਰਦਾ ਚੁੱਕਦੀ ਹੈ। ਸੋ ਇਹ ਕਹਾਣੀ ਮਹਾਂਬਿਰਤਾਂਤਾਂ ਦੀ ਉਚਿਤਤਾ ਨੂੰ ਨਕਾਰਦੀ ਹੈ।

ਹਰੇਕ ਸੱਭਿਆਚਾਰ ਦੇ ਆਪਣੇ ਗੌਰਵਸ਼ਾਲੀ ਚਿਹਨ ਅਤੇ ਅਨੁਭਵ ਹੁੰਦੇ ਹਨ। ਜਿਹੜੇ ਉਸ ਸੱਭਿਆਚਾਰ ਦੇ ਪਿੱਛੇ ਕੰਮ ਕਰਦੇ ਹਨ। ਉੱਤਰ-ਆਧੁਨਿਕਤਾ ਇਹਨਾਂ ਵੱਖ-ਵੱਖ ਸਥਾਨਕ ਸੱਭਿਆਚਾਰਾਂ ਨੂੰ ਨਾਲ ਲੈ ਕੇ ਵਿਸ਼ਵ ਵਿਆਪੀ ਚਿੰਤਨ ਨਾਲ ਜੁੜਦੀ ਹੈ। ਉੱਤਰ-ਆਧੁਨਿਕਤਾ ਸਾਡੇ ਵਿੱਚ ਆਪਣੀ ਸਥਾਨਕਤਾ ਦੀ ਪਹਿਚਾਣ, ਉਸਦੀ ਪੁਨਰ ਸਿਰਜਣਾ ਅਤੇ ਆਪਣੇ ਸੱਭਿਆਚਾਰ ਨਾਲ ਹੋਰ ਜ਼ਿਆਦਾ ਜੁੜਨ ਦੀ ਚੇਤਨਾ ਜਗਾਉਂਦੀ ਹੈ। ਇਸ ਰਾਹੀਂ ਮਹਾਂ-ਬਿਰਤਾਂਤਾਂ ਨੂੰ ਰੱਦ ਕੀਤਾ ਜਾ ਰਿਹਾ ਹੈ। ਜਿਹੜੇ ਆਪਣੇ ਸੱਭਿਆਚਾਰ ਵਿੱਚੋਂ ਉਪਜਿਆ ਚਿੰਤਨ ਪ੍ਰਬੰਧ ਬਾਕੀ ਹੋਰ ਸੱਭਿਆਚਾਰਾਂ ਉੱਪਰ ਆਰੋਪਿਤ ਕਰਦੇ ਹਨ। ਸੰਸਾਰ ਦੇ ਸਾਰੇ ਵੱਖਰੇ-ਵੱਖਰੇ ਸੱਭਿਆਚਾਰਾਂ ਨੂੰ ਕਿਸੇ ਇੱਕ ਵਿਸ਼ਵ-ਵਿਆਪੀ ਮਾਡਲ 'ਤੇ ਆਧਾਰਿਤ ਨਹੀਂ ਕੀਤਾ ਜਾ ਸਕਦਾ। ਜਿਸ ਕਾਰਨ ਹੀ ਉੱਤਰ-ਆਧੁਨਿਕਤਾ ਵਿਸ਼ਵੀ ਚੇਤਨਾ ਦੀ ਧਾਰਨੀ ਹੋ ਨਿੱਬੜਦੀ ਹੈ।

ਉੱਤਰ-ਆਧੁਨਿਕਤਾ ਨੇ ਵਿਕੇਂਦਰੀਕਰਨ 'ਤੇ ਜ਼ੋਰ ਦਿੱਤਾ ਹੈ। ਭਾਵ ਸ਼ਕਤੀ ਨੂੰ ਕੇਂਦਰ ਨਾਲੋਂ ਸਾਰੇ ਹੱਥਾਂ ਵਿੱਚ ਵੰਡਣਾ, ਤਾਂ ਕਿ ਸ਼ਕਤੀ ਉੱਪਰ ਕਿਸੇ ਇੱਕ ਦਾ ਅਧਿਕਾਰ ਨਾ ਹੋ ਕੇ ਬਹੁਤਿਆਂ ਦੇ ਹੱਥਾਂ ਵਿੱਚ ਹੋਵੇ ਅਤੇ ਨਾ ਹੀ ਕਿਸੇ ਵੀ ਸਮੂਹ ਜਾਂ ਵਿਅਕਤੀ ਨੂੰ ਛੋਟਾ ਜਾਂ ਹੀਣਤਾ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਵੇ। ਕੇਂਦਰ ਵਿੱਚ ਇੱਕ ਹੀ ਸਮੂਹ ਦੇ ਰਹਿਣ ਨਾਲ ਉਹ ਆਪਣੀ ਸ਼ਕਤੀ 'ਤੇ ਅਧਾਰਿਤ ਹੀ ਏਕੀਕਰਨ, ਇਕਰੂਪਤਾ ਦੀ ਗੱਲ ਕਰਦਾ ਹੋਇਆ ਛੋਟੇ ਸਮੂਹਾਂ ਨੂੰ ਨਜ਼ਰ-ਅੰਦਾਜ਼ ਕਰਕੇ ਹਾਸ਼ੀਏ 'ਤੇ ਧੱਕ ਦਿੰਦਾ ਹੈ। ਸੋ ਉੱਤਰ-ਆਧੁਨਿਕਤਾਵਾਦ ਵਿਧੀ ਇਹਨਾਂ ਸਮੂਹਾਂ ਨੂੰ ਵੀ ਸੰਵਾਦ ਵਿੱਚ ਸ਼ਾਮਲ ਕਰਦੀ ਹੈ।ਇਸ ਸਮੂਹ ਵਿਚ ਨਾਰੀ, ਦਲਿਤ ਅਦਿ ਸ਼ਾਮਿਲ ਕੀਤੇ ਜਾ ਸਕਦੇ ਹਨ। ਆਧੁਨਿਕ ਨਾਰੀ ਵਿੱਚ ਆਪਣੀ ਹੋਂਦ ਤੇ ਪਛਾਣ ਲਈ ਆਈ ਚੇਤਨਾ ਅਤੇ ਕੇਂਦਰੀ ਸ਼ਕਤੀਆਂ ਖਿਲਾਫ਼ ਵਿਦਰੋਹ ਦਾ ਐਲਾਨਨਾਮਾ ਉੱਤਰ-ਆਧੁਨਿਕਤਾ ਦਾ ਹੀ ਨਤੀਜਾ ਹੈ। ਉੱਤਰ-ਆਧੁਨਿਕਤਾਵਾਦ ਪਿੱਤਰ-ਸੱਤਾ ਅਤੇ ਸਮਾਜਿਕ ਵਿਵਸਥਾ ਦੇ ਵਿਰੋਧ ਵਿਚ ਖੜ੍ਹਾ ਹੁੰਦਾ ਹੈ।

ਕਹਾਣੀ 'ਸਿੰਗਲ ਮਦਰ' (ਚਾਰ ਤੱਤ ਦਾ ਪੁਤਲਾ,2016) ਨੂੰ ਇਸ ਪੱਖ ਤੋਂ ਵਿਚਾਰਿਆ ਜਾ ਸਕਦਾ ਹੈ। ਇਹ ਕਹਾਣੀ ਉੱਚ ਜਾਤੀਗਤ ਅਵਚੇਤਨੀ ਪਸਾਰ ਹੇਠ ਅੰਤਰਜਾਤੀ ਵਿਆਹ ਰਾਹੀਂ ਜਾਤੀ ਵਿਵਸਥਾ ਦੇ ਮਸਲੇ ਨੂੰ ਅਰਥਹੀਣ ਕਰਦੀ ਹੈ। ਮਨੂੰ ਕਾਲ ਤੋਂ ਚੱਲ਼ਦੀ ਆ ਰਹੀ ਇਹ ਪ੍ਰਥਾ ਅੱਜ ਵੀ ਸਾਡੇ ਅਵਚੇਤਨ ਦਾ ਅੰਗ ਬਣੀ ਹੋਈ ਹੈ। ਇਸੇ ਅਵਚੇਤਨੀ ਤੇ ਭੇਦਭਾਵ ਦੇ ਵਰਤਾਰੇ 'ਤੇ ਨਾਰੀ ਸਸ਼ਕਤੀਕਰਨ ਅਧੀਨ ਔਰਤਾਂ ਵੱਲੋਂ ਸੱਟ ਮਾਰੀ ਗਈ ਹੈ। 'ਸਿੰਗਲ ਮਦਰ' ਕਹਾਣੀ ਦੀ ਮੁੱਖ ਪਾਤਰ 'ਸ਼ੈਲੀ' ਆਰਥਿਕ ਸੰਪਨ ਘਰ ਵਿਚ ਪਲੀ ਤੇ ਅੰਤਰਜਾਤੀ ਵਿਆਹ ਦੇ ਹਮਾਇਤੀ ਮਾਂ-ਪਿਉ ਦੀ ਧੀ ਹੈ। ਉਸਦੇ ਪਿਉ ਤੇ ਤਾਏ-ਚਾਚੇ ਵੱਲੋਂ ਵੀ ਅੰਤਰਜਾਤੀ ਵਿਆਹ ਕਰਾਇਆ ਜਾਂਦਾ ਹੈ। ਸ਼ੈਲੀ ਖ਼ੁਦ ਵੀ ਆਪਣੀ ਪਸੰਦ ਦੇ ਉੱਚ ਜਾਤੀ ਮੁੰਡੇ ਨਾਲ ਵਿਆਹ ਕਰਵਾਉਂਦੀ ਹੈ ਅਤੇ ਨਰਸਿੰਗ ਕੋਰਸ ਲਈ ਪਤੀ ਸਮੇਤ ਇੰਗਲੈਂਡ ਚਲੀ ਜਾਂਦੀ ਹੈ। ਪਰ ਉੱਥੇ ਜਾ ਕੇ ਆਪਣੇ ਪਤੀ ਪਟੰਬਰ ਸਿੰਘ ਦੇ ਆਲ੍ਹਸਪੁਣੇ ਅਤੇ ਨਸ਼ੇੜੀ ਹੋਣ ਕਾਰਨ ਉਸਦੀ ਮਾਰ-ਕੁੱਟ ਦੀ ਸ਼ਿਕਾਰ ਹੁੰਦੀ ਹੈ। ਪਟੰਬਰ ਦੁਆਰਾ ਇਹ ਸਾਰਾ ਕੁਝ ਕਰਨ ਪਿੱਛੇ ਉਸਦਾ ਉੱਚ ਜਾਤੀਗਤ ਅਵਚੇਤਨ ਦਾ ਵਰਤਾਰਾ ਹੈ। ਉਹ ਸ਼ੈਲੀ ਨੂੰ ਨੀਚ ਅਤੇ ਚਮਾਰੀ ਕਹਿ ਕੇ ਧ੍ਰਿਕਾਰਦਾ ਹੈ।

> *"ਤੇਰੀ ਨੀਵੀਂ ਜਾਤੀ ਨੂੰ ਲੁਕਾਉਣ ਲਈ . . . ਮੰਮੀ, ਡੈਡੀ ਨੇ ਬੜੀ ਸਿੱਖਿਆ ਪੜ੍ਹਵਾ ਕੇ ਭੇਜੀ ਏ। ਜਾਣੀ ਮੈਨੂੰ ਜਿਵੇਂ ਪਤਾ ਹੀ ਨਹੀਂ? ਮੇਰੇ ਪਿਉ ਦੀ ਉੱਚੀ ਜਾਤ . . . ਤੂੰ ਨੀਵੀਂ ਜਾਤ ਦੀ ਏ। ਕਿਉਂਕਿ ਬੰਸ ਤਾਂ ਪਿਉ ਦੀ ਜਾਤੀ ਨਾਲ ਅੱਗੇ ਚਲਦਾ ਏ। ਮਾਂ ਨੂੰ ਕੌਣ ਪੁੱਛਦਾ ਏ . . . ਉਹ ਕਿਸੇ ਵੀ ਜਾਤੀ ਦੀ ਹੋਵੇ ? ਉੱਚ ਜਾਤੀ ਦੇ ਮਰਦ ਦੇ ਘਰ ਨੀਵੀਂ ਜਾਤੀ ਦੀ ਚੂੜ੍ਹੀ ਚਮਾਰੀ, ਭਈਅਣ, ਪਹਾੜਣ, ਬੰਗਾਲਣ ਕੋਈ ਵੀ ਨੀਵੀਂ ਜਾਤੀ ਦੀ ਹੋਵੇ?"* [7]

ਉਸਦੇ ਅੰਦਰਲਾ ਜਾਤੀਗਤ ਅਭਿਮਾਨ ਇਤਿਹਾਸ ਵਿਚਲੇ ਅਨੁਲੋਮ-ਪ੍ਰਤਿਲੋਮ ਸਬੰਧਾਂ ਦੀ ਗਵਾਹੀ ਭਰਦਾ ਹੈ,

> *"ਮੈਂ ਜੱਟ ਦਾ ਬੀਜ....ਜੱਟ ਆ ਤੂੰ ਚਮਾਰ ਪਿਉ ਦੀ ਬੀਜ ਚਮਾਰੀ ਏ...ਮਾਂ ਭਾਵੇਂ ਕਿਸੇ ਵੀ ਜਾਤ ਦੀ ਹੋਵੇ।"* [8]

ਸੋ ਜਿੱਥੇ ਜਾਤੀਗਤ ਵਿਤਕਰੇ ਦੇ ਹੱਲ ਲਈ ਅੰਤਰਜਾਤੀ ਵਿਆਹ ਨੂੰ ਇੱਕ ਸੁਭਾਵਿਕ ਹੱਲ ਵਜੋਂ ਵੇਖਿਆ ਜਾਂਦਾ ਹੈ। ਉਹ ਹੱਲ ਇੱਥੇ ਰੱਦ ਹੁੰਦਾ ਦਿਖਾਈ ਦੇ ਰਿਹਾ ਹੈ। ਕਥਾ ਵਿੱਚ ਪਿੱਤਰ ਸੱਤਾ ਅਤੇ ਜਾਤੀ ਵਿਵਸਥਾ ਦੇ ਸੁਮੇਲ ਨਾਲ ਇੱਕ ਜਟਿਲ ਨੈਕਸਸ ਪੈਦਾ ਹੁੰਦਾ ਹੈ ਅਤੇ ਪਿੱਤਰ ਸੱਤਾ ਵਰਗੇ ਨਾਗ ਦਾ ਫਨ ਉੱਚਾ ਹੋਣ ਕਾਰਨ ਅੰਤਰਜਾਤੀ ਵਿਆਹ ਪ੍ਰਣਾਲੀ ਬੇਅਰਥ ਹੋ ਕੇ ਰਹਿ ਜਾਂਦੀ ਹੈ। ਇਸ ਕਾਰਨ ਕਹਾਣੀਕਾਰ ਨੇ ਕਥਾ ਬਿਰਤਾਂਤ ਰਾਹੀਂ ਨਵੇਂ ਹੱਲ ਵੱਲ ਸੰਕੇਤ ਵੀ ਕੀਤਾ ਹੈ। ਇਹ ਹੱਲ ਵੈਦਿਕ ਕਾਲ ਦੀ ਮਾਤਰ ਸੱਤਾ ਨੂੰ ਫਿਰ ਤੋਂ ਆਧੁਨਿਕ ਕਾਲ ਵਿੱਚ ਪੁਨਰ ਸਿਰਜਿਤ ਕਰਨ ਦਾ ਹੈ। ਮਿਥਿਹਾਸ ਵਿੱਚ ਮਾਤਰ ਸੱਤਾ ਦੇ ਕਈ ਹਵਾਲੇ ਵੀ ਮਿਲਦੇ ਹਨ। ਜਦੋਂ 'ਜਬਾਲੀ' ਦਾ ਪੁੱਤਰ 'ਜਬਾਲ' ਗੌਤਮ ਰਿਸ਼ੀ ਕੋਲੋਂ ਸ਼ਾਸਤਰ ਸਿੱਖਿਆ ਗ੍ਰਹਿਣ ਕਰਨ ਲਈ ਜਾਂਦਾ ਹੈ ਤਾਂ ਪਿਤਾ ਦਾ ਨਾਂ ਅਗਿਆਤ ਹੋਣ ਕਾਰਨ ਮਾਤਾ ਜਬਾਲੀ ਦਾ ਹੀ ਨਾਂ ਦਰਜ ਕਰਵਾਉਂਦਾ ਹੈ ਅਤੇ ਫਿਰ 'ਜਬਾਲ ਰਿਸ਼ੀ' ਦੀ ਉਪਾਧੀ ਧਾਰਨ ਕਰਦਾ ਹੈ। ਸੋ ਵੈਦਿਕ ਕਾਲ ਤੋਂ ਉਪਨਿਸ਼ਦ ਕਾਲ ਤੱਕ ਮਾਤਾ ਪ੍ਰਧਾਨ ਪਰਿਵਾਰ ਨੂੰ ਮੁੱਖ ਪਾਤਰ ਫਿਰ ਤੋਂ ਆਧੁਨਿਕ ਸਮੇਂ ਵਿਚ 'ਸਿੰਗਲ ਮਦਰ' ਬਣ ਕੇ ਪੁਨਰ ਸਿਰਜਤ ਕਰਦੀ ਹੈ। ਸ਼ੈਲੀ ਅੰਦਰਲੀ ਚੇਤੰਨ ਨਾਰੀ ਆਪਣੇ ਹੋਣ ਵਾਲੇ ਬੱਚੇ ਨੂੰ ਪਿਤਾ ਦਾ ਨਾਮ ਦੇਣ ਤੋਂ ਮਨ੍ਹਾ ਕਰ ਦਿੰਦੀ ਹੈ ਅਤੇ 'ਸਿੰਗਲ ਮਦਰ' ਬਣਨ ਦਾ ਫੈਸਲਾ ਕਰਦੀ ਹੈ। ਸ਼ੈਲੀ ਦਾ ਇਹ ਫੈਸਲਾ ਆਧੁਨਿਕ ਸਮੇਂ ਵਿੱਚ ਨਾਰੀ ਸਸ਼ਕਤੀਕਰਨ ਨੂੰ ਉਭਾਰਦਾ ਹੈ।

ਇਸ ਪ੍ਰਕਾਰ ਉੱਤਰ-ਆਧੁਨਿਕਤਾ ਵਰਗੀ ਬੌਧਿਕ ਲਹਿਰ ਨੇ ਪਹਿਲਾਂ ਤੋਂ ਪ੍ਰਚਲਿਤ ਧਾਰਨਾਵਾਂ, ਜਿਹੜੀਆਂ ਮਨੁੱਖੀ ਗਿਆਨ ਤੇ ਅਨੁਭਵ ਦੇ ਖੇਤਰ ਅਧੀਨ ਆਉਂਦੀਆਂ ਸਨ, ਉਹਨਾਂ ਨੂੰ ਪੁਨਰ-ਵਿਚਰਿਤ ਕਰਕੇ ਚੇਤਨਾ ਦੇ ਨਵੇਂ ਸੰਗਠਨ ਉਸਾਰੇ ਹਨ। ਇਹਨਾਂ ਦੁਆਰਾ ਉਸਾਰੇ ਗਏ ਨਵੇਂ ਗਿਆਨ ਸ਼ਾਸਤਰ ਨੇ ਮਨੁੱਖੀ ਯਥਾਰਥ-ਬੋਧ ਨੂੰ ਹਲੂਣਦਿਆਂ ਸਮਾਜਿਕ ਵਰਤਾਰੇ ਵਿਚ ਨਵੀਂ ਸੂਝ-ਬੂਝ ਨੂੰ

ਵਿਕਸਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਹਾਣੀਕਾਰ ਸਰੂਪ ਸਿਆਲਵੀ ਦਾ ਕਥਾ-ਬਿਰਤਾਂਤ ਵੀ ਉੱਤਰ-ਆਧੁਨਿਕਤਾ ਦੇ ਅਨਿਸ਼ਿਚਤਤਾ, ਬਹੁਰੂਪਤਾ ਅਤੇ ਵਿਕੇਂਦਰੀਕਰਨ ਵਰਗੇ ਸੰਕਲਪਾਂ ਦਾ ਧਾਰਨੀ ਹੈ। ਜਿਸ ਵਿਚ ਇਤਿਹਾਸ ਤੋਂ ਗੌਣ ਕੀਤੇ ਬਿਰਤਾਂਤਾਂ ਨੂੰ ਗੌਲਣਯੋਗ ਬਣਾਉਂਦਾ ਹੈ। ਇਹਨਾਂ ਦੀ ਸਥਾਨਕਤਾ ਨੂੰ ਵਿਚਾਰਦਾ ਹੈ ਅਤੇ ਮੁੱਖਧਾਰਾ ਤੋਂ ਹਾਸ਼ੀਏ ਤੇ ਧੱਕੀਆਂ ਗਈਆਂ ਧਿਰਾਂ ਵਿਚ ਸਵੈ-ਪਛਾਣ ਲਈ ਜਾਗ੍ਰਿਤ ਕਰਦਾ ਹੈ। ਸੋ ਕਿਹਾ ਜਾ ਸਕਦਾ ਹੈ ਕਿ ਸਰੂਪ ਸਿਆਲਵੀ ਦਾ ਕਥਾ ਸੰਸਾਰ ਸਮਕਾਲ ਦਾ ਹਾਣੀ ਹੋ ਕੇ ਅਜੋਕੇ ਸਮਾਜ ਨੂੰ ਦ੍ਰਿਸ਼ਟੀਗਤ ਕਰ ਰਿਹਾ ਹੈ।

## ਹਵਾਲੇ ਅਤੇ ਟਿੱਪਣੀਆ


1. *ਕੁਮਾਰ ਰਵਿੰਦਰ (ਸੰਪਾ.), ਸਾਹਿਤ ਨਵ-ਸਿਧਾਂਤ ਪੂਰਬਵਾਦ ਤੋਂ ਕੌਮਵਾਦ ਤੱਕ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ-58.*
2. *ਰੰਧਾਵਾ, ਆਤਮ ਸਿੰਘ, ਉੱਤਰ-ਆਧੁਨਿਕਤਾ ਅਤੇ ਸਮਕਾਲੀ ਪੰਜਾਬੀ ਕਵਿਤਾ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ, 2002, ਪੰਨਾ- 33.*
3. *ਸਿਆਲਵੀ ਸਰੂਪ, ਚਾਰ ਤੱਤ ਦਾ ਪੁਤਲਾ, ਪਰਵਾਜ਼ ਪ੍ਰਕਾਸ਼ਨ, ਜਲੰਧਰ, 2016, ਪੰਨਾ-79-80.*
4. *ਕੁਮਾਰ ਰਵਿੰਦਰ (ਸੰਪਾ.), ਸਾਹਿਤ ਨਵ-ਸਿਧਾਂਤ ਪੂਰਬਵਾਦ ਤੋਂ ਕੌਮਵਾਦ ਤੱਕ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2005, ਪੰਨਾ-57.*
5. *ਸਿਆਲਵੀ ਸਰੂਪ, ਚਾਰ ਤੱਤ ਦਾ ਪੁਤਲਾ, ਪਰਵਾਜ਼ ਪ੍ਰਕਾਸ਼ਨ, ਜਲੰਧਰ, 2016, ਪੰਨਾ-28.*
6. *ਉਹੀ, ਚੀਰ ਹਰਨ, ਪਰਵਾਜ਼ ਪ੍ਰਕਾਸ਼ਨ, ਜਲੰਧਰ, 2019, ਪੰਨਾ-78.*
7. *ਉਹੀ, ਚਾਰ ਤੱਤ ਦਾ ਪੁਤਲਾ, ਪਰਵਾਜ਼ ਪ੍ਰਕਾਸ਼ਨ, ਜਲੰਧਰ, 2016, ਪੰਨਾ-95.*
8. *ਉਹੀ,*


## Cite this Article-


*ਡਾ. ਸੰਦੀਪ ਕੌਰ (Dr. Sandeep Kaur), ਸਰੂਪ ਸਿਆਲਵੀ ਦੀ ਕਥਾ ਸੰਵੇਦਨਾ (ਉੱਤਰ-ਆਧੁਨਿਕਤਾ ਦੇ ਸੰਦਰਭ ਵਿਚ) Sroop Syalvi Di Katha Sanvedna (Uttar Adhunikta De Sandarbh Vich), ਅਰਮਾਨ (ARMAAN), ISSN: 2583-9446 (O), Volume- 4, Issue-2, April-June 2026, Page: 90-95.*

*Journal URL: www.armaan.org.in*

*DOI: https://doi.org/10.64119/armaan.vol.4.issue2.17*



*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*